ਮਾਸਕ ਪੱਤਰ

ੴ


# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ

JUN 1987

ਜੂਨ ੧੯੮੭



ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੪ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਗੁਰੁ ਅਰਜੁਨੁ ਪਰਤਖੁ ਹਰਿ | ੩ | ਸਵਈਏ ਮਹਲੇ ਪੰਜਵੇਂ ਕੇ |
| ਗੁਰੂ ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸੱਚਾ ਰਾਜ-ਜੋਗ | ੫ | ,, ,, ,, |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ | ੬ | 'ਸੂਰਾ' ਪਰਵਾਰ |
| ਸਿਖ ਸ਼ਹੀਦ-ਬੱਬਰ ਲਹਿਰ | ੧੨ | ਸ: ਦਲਵਿੰਦਰ ਸਿੰਘ (ਗਰੇਵਾਲ) |
| ਆਪਣਾ ਵਿਰਸਾ ਸੰਭਾਲ ਓਇ ਸਿੰਘਾ ! | ੨੧ | ਸ: ਨਰੈਣ ਸਿੰਘ ਜੀ ਐਮ. ਏ. |
| ਰੁਬਾਈਆਂ | ੩੦ | ਸ: ਤੇਗ ਬਹਾਦਰ ਸਿੰਘ ਜੀ |
| ਪਹਿਲਾ ਘਲੂਘਾਰਾ (੭) | ੩੧ | ਕੈਪਟਿਨ ਸਵਰਨ ਸਿੰਘ ਜੀ |
| ਕਵਿਤਾਵਾਂ : ਇਸ਼ਕ ਦੀ ਖੇਡ | ੩੭ | ਸ: ਵਿਧਾਤਾ ਸਿੰਘ ਜੀ ਤੀਰ |
| ਸਿੰਘ ਨਾਦ | ੩੮ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਸ਼ਹੀਦ ਭਾਈ ਮਤੀ ਦਾਸ | ੩੯ | ਸ: ਅਤਰ ਸਿੰਘ ਜੀ ਨੀਰ |
| ਸ੍ਰੀ ਗੁਰੂ ਅਰਜਨ ਦੇਵ ਜੀ | ੪੧ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਪੰਥਕ ਏਕਤਾ-ਸਮੇਂ ਦੀ ਪ੍ਰਮੁਖ ਮੰਗ | ੪੨ | 'ਸੂਰਾ' ਪਰਵਾਰ |


ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ੧ ਜੂਨ

**ਸੋਧ**-ਪੰਨਾ ੩, ਭੱਟ ਬਾਣੀ, ਚੌਥੀ ਸਤਰ-'ਭਯਉ ਤਿਹ ਸਮਸਰਿ ਸੋਈ' ਸੋਧ ਲਵੋ ਜੀ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

ਸ: ਅਮਰ ਸਿੰਘ, ਪੀਰਾਕ (ਮਲੇਸ਼ੀਆ) 'ਸੂਰਾ' ਦੀ ਚੜ੍ਹਦੀ ਕਲਾ ਲਈ ੫੦੦-੦੦

## ਸ੍ਰੀ ਅੰਮ੍ਰਿਤਸਰ ਵਿਖੇ ਹਫਤੇਵਾਰੀ ਐਤਵਾਰ ਦੇ ਕੀਰਤਨ ਪ੍ਰੋਗਰਾਮ (ਸਵੇਰੇ ੬ ਤੋਂ ੧੧)

੧੪ ਜੂਨ ਸ: ਨਿਰਮਲ ਸਿੰਘ ਜੀ, ੫—ਅਜੀਤ ਨਗਰ
੨੧ ਜੂਨ ਗੁਰਦੁਆਰਾ ਸਾਹਿਬ, ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ
੨੮ ਜੂਨ ਭਾਈ ਗਿਆਨ ਸਿੰਘ ਦਿਲੀ ਵਾਲੇ, ੧੧੮—ਗ੍ਰੀਨ ਐਵਿਨਿਊ

## ਗੁਰਦਵਾਰਾ ਸ਼ਹੀਦ ਗੰਜ (੧੯੭੮) ਦੀ ਕਾਰ-ਸੇਵਾ

ਵੈਸਾਖੀ ੧੯੭੮ ਨੂੰ ਨਕਲੀ ਨਿਰੰਕਾਰੀਆਂ ਦਾ ਵਿਰੋਧ ਕਰਦਿਆਂ, ਭਾਈ ਫੌਜਾ ਸਿੰਘ ਜੀ, ਭਾਈ ਰਣਬੀਰ ਸਿੰਘ ਜੀ ਫੌਜੀ ਅਤੇ ਹੋਰ ੧੧ ਸਿੰਘ ਸ਼ਹੀਦੀਆਂ ਪਾ ਗਏ। ਇਨ੍ਹਾਂ ਸੂਰਬੀਰ ਸਿੰਘਾਂ ਦੀ ਅਦੁੱਤੀ ਕੁਰਬਾਨੀ ਦੀ ਪੱਕੀ ਯਾਦਗਾਰ ਕਾਇਮ ਕਰਨ ਹਿੱਤ ਗੁਰਦੁਆਰਾ ਸ਼ਹੀਦ ਗੰਜ, ਨੇੜੇ ਬੀ ਬਲਾਕ ਕੁਆਰਟਰਜ਼ ਦੀ ਕਾਰ-ਸੇਵਾ ੧੯੭੮ ਦੇ ਜ਼ਖਮੀ ਸਿੰਘਾਂ ਵਲੋਂ ਕਾਇਮ ਕੀਤੀ 'ਪੰਜ ਮੈਂਬਰੀ ਕਮੇਟੀ ਕਾਰ-ਸੇਵਾ' ਦੀ ਦੇਖ-ਰੇਖ ਵਿਚ **ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਸਾਹਿਬ ਵਾਲੇ** ਕਰਵਾ ਰਹੇ ਹਨ। ਜੇ ਕਿਸੇ ਵੀਰ ਭੈਣ ਨੇ ਸੇਵਾ ਵਿਚ ਹੱਥ ਵਟਾਣਾ ਹੋਵੇ ਤਾਂ ਰਕਮ ਨਕਦ, ਚੈਕ, ਡਰਾਫਟ ਜਾਂ ਮਨੀਆਰਡਰ ਰਾਹੀਂ ਹੇਠ ਲਿਖੇ ਪਤੇ ਤੇ ਭੇਜੀ ਜਾਵੇ ਜੀ :—

ਪੰਜ ਮੈਂਬਰੀ ਕਮੇਟੀ ਕਾਰ-ਸੇਵਾ, ਗੁਰਦੁਆਰਾ ਸ਼ਹੀਦ ਗੰਜ, ਨੇੜੇ ਬੀ ਬਲਾਕ ਕੁਆਰਟਰਜ਼, ਸ੍ਰੀ ਅੰਮ੍ਰਿਤਸਰ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੬-੮੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੬੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

**ਅਮਾਨਤੀ**
**ਲਾਈਫ ਮੈਂਬਰ**

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੧ ਜੂਨ ੧੯੮੭ ਅੰਕ ੬


## ਗੁਰੁ ਅਰਜੁਨੁ ਪਰਤਖ੍ਯ੍ਯ ਹਰਿ

ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿਨਾਮ ਉਧਾਰਨੁ ॥
ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥
ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥
ਮਨ ਬਚ ਜਿਨਿ ਜਾਣਿਅਉ ਭਯਉ ਤਿਸ ਸਮਸਰਿ ਸੋਈ ॥
ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ੍ਯ ਹਰਿ॥੭॥੧੯॥

[ ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੯




www.AKJ.Org

# ਗੁਰ ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ-ਸਿੰਘ ਜੀ]

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ, ਪਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਸ਼ਹੀਦੀ ਦੇ ਮੁਕਾਬਲੇ ਵਿਚ ਸਭ ਹੇਠ ਹਨ ਅਤੇ ਹੇਠ ਹੀ ਰਹਿਣਗੀਆਂ। ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ ਉਹ ਸੱਚ-ਮੁੱਚ ਹੀ ਅਦੁੱਤੀ ਹਨ। ਇਤਿਹਾਸਕਾਰਾਂ ਦੀਆਂ ਇਹ ਇਤਿਹਾਸ-ਕਾਰੀਆਂ ਬਿਲਕੁਲ ਗ਼ਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸੁਾਰਥੀ ਮਨੋਰਥ ਲਈ ਇਹ ਸ਼ਹੀਦੀ ਦਾ ਰਮਜ਼ ਮਾਤਰ ਬੀੜਾ ਚੁਕਿਆ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ ਲਈ ਹੀ ਇਹ ਪੂਰਨੇ ਪਾਏ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਬਾਦਸ਼ਾਹ ਅੱਗੇ ਰੰਚਕ ਮਾਤ੍ਰ ਭੀ ਕਾਣ-ਕਣੌਡੀ ਕਾਂਪ ਨਹੀਂ ਖਾਧੀ। ਜੇਕਰ ਗੁਰੂ ਅਰਜਨ ਸਾਹਿਬ ਜੀ ਰਾਮ ਰਾਇ ਦੀ ਨਿਆਈਂ ਅਮਟੀ ਅਜ਼ਲੀ ਗੁਰੂ ਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਹਨਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ। ਪਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਸਹੀਦਾਂ ਦੇ ਸਿਰਤਾਜ, ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦਾ ਭੋਰਾ ਮਾਤਰ ਭੀ ਪਰਵਾਹ ਨਹੀਂ ਕੀਤੀ ਅਤੇ ਆਪਣੇ ਸੱਚੇ ਸ਼ਹੀਦੀ ਮਿਸ਼ਨ ਤੇ ਡੱਟੇ ਰਹੇ। ਸੱਚ ਮੁੱਚ ਸੱਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸੱਚੀ ਸ਼ਹੀਦੀ ਦੇ ਪਾਏ, ਉਹ ਅਸਾਂ ਲਰਜ਼ਸ਼ ਖਾਂਦਿਆਂ ਗੁਰਸਿੱਖਾਂ ਦੇ ਸਿਦਕ-ਭਰੋਸੇ ਨੂੰ ਕਾਇਮ ਰੱਖਣ ਲਈ ਪਾਏ। ਵਕਤ ਦੇ ਨਾਦਰ-ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅੱਗੇ ਦਰਖ਼ਾਸਤ ਕੀਤੀ ਪਰੰਤੂ ਧੰਨ ਗੁਰੂ ਅਰਜਨ ਸਾਹਿਬ ਕਿ ਉਨ੍ਹਾਂ ਨੇ ਅਨੇਕ ਬਾਰਨੀ ਦਰਖ਼ਾਸਤ ਨੂੰ ਹਰ ਬਾਰ ਰੱਦੀ ਦੀ ਟੋਕਰੀ ਵਿਚ ਹੀ ਸੁੱਟ ਪਾਇਆ। ਇਤਿਹਾਸਕਾਰਾਂ ਦੀ ਬਾਤ ਭੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖ਼ੁਦ ਬੁਰਛਾਗਰਦ ਬਾਦਸ਼ਾਹਾਂ ਦੇ ਪਾਸ ਲੈ ਕੇ ਪਹੁੰਚੇ। ਬਲਕਿ ਇਹ ਵਾਰਤਾ ਐਨ ਗੁਰਮਤਿ ਅਨੁਸਾਰ ਢੁਕਦੀ ਹੈ ਤੇ ਸੱਚਾਈ ਦੀ ਕਸੌਟੀ ਉਤੇ ਪਰਖੀ ਜਾ ਕੇ ਠੀਕ ਉਤਰਦੀ ਹੈ ਕਿ ਜਹਾਂਗੀਰ ਜੈਸੇ ਉੱਚ ਦੁਨਿਆਵੀ ਬਾਦਸ਼ਾਹ ਖ਼ੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ। ਗੁਰੂ ਕੀ ਨਗਰੀ ਵਿਖੇ ਆ ਕੇ ਹੀ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦਾ ਮੁਆਇਨਾ ਕੀਤਾ ਅਤੇ ਬਿਲਕੁਲ ਕੱਸੇ ਨਿਕਲੇ ਅਤੇ ਆਪਣੇ ਜੈਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ। ਇਸ ਹੋਈ ਹੱਤਕ ਨੂੰ ਮਹਿਸੂਸ ਕਰ ਕੇ ਅੱਤਿਆਚਾਰੀ ਦੁਨਿਆਵੀ ਬਾਦਸ਼ਾਹ ਨੇ ਅਨੇਕ ਪ੍ਰਕਾਰੀ ਤਨ-ਤਸੀਹੇ ਦੇਣ ਲਈ ਆਪਣੇ ਮੁਤਅੱਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮੱਲ ਨੂੰ ਪ੍ਰੇਰਿਆ। ਉਸ ਕੂੜਾਵੇ ਚੰਦੂ ਨੇ ਅਪਣੀ ਕਿੱਸ ਕੱਢਣ ਲਈ ਇਹ ਨਾਦਰ ਮੌਕਾ ਸਮਝਿਆ ਕਿ ਜਿਤਨੇ ਭੀ ਤਨ-ਤਸੀਹੇ ਗੁਰੂ ਸਾਹਿਬ ਨੂੰ ਦਿਤੇ ਜਾਣ ਉਨੇ ਹੀ ਉਸ ਦੇ ਮਨ ਦੀ ਖਾਰ ਕੱਢਣ ਲਈ ਹੋਣਗੇ। ਇਹ ਬਾਤ ਬਿਲਕੁਲ ਗ਼ਲਤ ਹੈ ਕਿ ਚੰਦੂ ਨੇ ਆਪਣੀ ਨਿੱਜ ਖਾਰ ਕੱਢਣ ਲਈ ਗੁਰੂ ਸਾਹਿਬ ਸ਼ਹੀਦਾਂ ਦੇ ਸਿਰਤਾਜ ਗੁਰੂ ਸਾਹਿਬ ਜੀ ਉਪਰ ਇਹ ਵਾਰ ਕੀਤੇ। ਜੋ ਹੋਇਆ ਸੋ ਉਸ ਸਮੇਂ ਦੇ ਨਾਦਰ-ਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ। ਗੁਰੂ ਸਾਹਿਬ ਉਪਰ ਵਕਤ ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹ ਕੀਨਾ-ਦੋਜ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਗੁਰਵਾਕ ਕਿਉਂ ਨਾ ਪਲਟ ਦਿਤੇ। ਬੱਸ ਏਸੇ, ਕੇਵਲ ਏਸ ਖਾਰ ਦੀ ਖ਼ਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ-ਤਸੀਹੇ ਮਿਲੇ। ਗੁਰੂ ਸਾਹਿਬ ਸੱਚੇ ਪਾਤਸ਼ਾਹ ਤਾਂ ਅੱਗੇ ਹੀ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ-ਗਰਦੀ, ਹਵਸ ਅਤੇ ਤਮ੍ਹਾ ਉਪਰ ਭੰਨ ਦੇਣਾ, ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸੱਚੀ ਬਾਣੀ ਵਿਚ ਬ੍ਰਹਮ-ਗਿਆਨੀ ਦੇ ਲੱਛਣਾਂ ਦੀ ਪਰਖ ਬਦਲੇ ਇਹ ਸੱਚੀ ਕੁਰਬਾਣੀ ਦੇਣਾ।



www.AKJ.Org

# ਸੱਚਾ ਰਾਜ-ਜੋਗ

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ਰਹਾਉ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿਰਤਾ ਸੋਈ ਨਿਰਬਾਣੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥

[ਆਸਾ ਮ: ੫, ਪੰਨਾ ੩੮੫

ਗੁਰਮਤਿ ਰਾਜ-ਲੀਲ੍ਹਾ ਨਿਰੰਕਾਰੀ ਨਾਮ ਦੇ ਰੰਗਾਂ ਵਿਚ ਰੰਗੀਜੇ ਰਹਿਣ ਦਾ ਨਾਉਂ ਹੈ। ਸੰਸਾਰੀ ਰਸਾਂ ਕਸਾਂ ਵਿਚ ਖਚਤ ਹੋ ਕੇ ਲਿਪਾਇਮਾਨ ਰਹਿਣਾ ਇਹ ਸਭ ਮਨਮਤੀ ਖੋਟੀ ਰਾਜ-ਲੀਲ੍ਹਾ ਦਾ ਵਿਸ਼ਾ ਹੈ। ਗੁਰਮਤਿ ਕੀਰਤਨ ਗਾਵਣਾ, ਗੁਰਬਾਣੀ ਦੇ ਅਖੰਡ ਕੀਰਤਨ ਵਿਚ ਸਦਾ ਲਿਵਲੀਨ ਰਹਿਣਾ ਸੱਚਾ ਰਾਜ-ਜੋਗ ਕਮਾਵਣਾ ਹੈ। ... ਗੁਰਮਤਿ ਜੋਗੀਸ਼ਰਾਂ ਨੂੰ ਬਣਖੰਡ ਵਿਚ ਜਾ ਕੇ ਜੋਗ ਤਪ ਕਰਨ ਦੀ ਉੱਕੀ ਹੀ ਲੋੜ ਨਹੀਂ, ਐਸੀ ਪਾਖੰਡ ਕਿਰਿਆ ਗੁਰਮਤਿ ਆਸ਼ੇ ਤੋਂ ਪ੍ਰਤਿਕੂਲ ਹੈ।

ਇਸ ਸੱਚੀ ਰਾਜ-ਜੋਗ ਆਤਮ-ਬਿਵਸਥਾ ਦੇ ਸਗਲੇ ਸੁਖ ਵਾਹਿਗੁਰੂ ਨਾਮ ਦੀ ਓਟ ਵਿਚ ਹੀ ਮਾਣੀਦੇ ਹਨ। ਸਤਿਗੁਰੂ ਜੀ ਨੇ ਕੂੜਾਵੀ ਰਾਜ-ਲੀਲ੍ਹਾ ਮਈ ਤਿਮਰ ਅਗਿਆਨ ਦੇ ਸਾਰੇ ਭਰਮ ਪਰਦੇ ਖੋਲ੍ਹ ਦਿਤੇ ਹਨ। ਸਤਿਗੁਰੂ ਦਾ ਵਾਹਿਗੁਰੂ ਅਭਿਆਸ ਨਾਮ ਲਈ ਹੁਕਮ ਮੰਨਣਾ ਸਮੱਗਰ ਆਤਮ-ਰੰਗਾਂ ਰਸਾਂ ਨੂੰ ਮਾਨਣਾ ਹੈ। ਸਤਿਗੁਰੂ ਦੀ ਦਰਸਾਈ ਹੋਈ ਸਿਮਰਨ ਰੂਪੀ ਸੇਵਾ ਵਿਚ ਲੀਨ ਹੋਣਾ ਸੱਚਾ ਨਿਰਬਾਣ ਪਦ ਮਾਨ ਪਦ ਮਾਨਣਾ ਹੈ।......ਜਿਸ ਗੁਰਮੁਖ ਜਗਿਆਸੂ ਜਨ ਨੇ ਗੁਰਮਤਿ ਨਾਮ ਅਭਿਆਸੀ ਕਮਾਈਆਂ ਕਰ ਕਰ ਵਾਹਿਗੁਰੂ ਅਕਾਲ ਪੁਰਖ ਦਾ ਤੱਤ ਪ੍ਰਚੰਡੀ ਅਪਰੋਖਸ਼ ਗਿਆਨ ਗ੍ਰਿਹਸਤ ਵਿਖੇ ਰਹਿ ਕੇ ਪ੍ਰਾਪਤ ਕਰ ਲਿਆ ਹੈ, ਸੋਈ ਜਨ ਗ੍ਰਿਹਸਤ ਉਦਾਸੀ ਪਰਵਾਨ ਹੈ। ਵਾਹਿਗੁਰੂ ਅਭਿਆਸ ਦੇ ਨਾਮ ਰੰਗਾਂ ਵਿਚ ਰਤਾ ਹੋਇਆ ਗੁਰਮੁਖ ਜਨ ਹੀ ਸੱਚੇ ਨਿਰਬਾਣ ਪਦ ਦੀ ਪ੍ਰਾਪਤੀ ਵਾਲਾ ਹੈ। ਜਿਸ ਵਡਭਾਗੇ ਗੁਰਮੁਖ ਜਨ ਨੂੰ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰ-ਦੀਖਿਆ ਮਈ ਸੱਚੀ ਬਿਧੀ ਪ੍ਰਾਪਤ ਹੋ ਜਾਂਦੀ ਹੈ, ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਸ ਗੁਰਮੁਖ ਜਨ ਦੇ ਨਾਮ ਖ਼ਜ਼ਾਨੇ ਸਦਾ ਭਰਪੂਰ ਰਹਿੰਦੇ ਹਨ।

[ਭਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਗੌਰਵਤਾ' ਪੁਸਤਕ ਵਿਚੋਂ

---

✿ਚਾਹੁੰਦੇ ਸਨ, ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛ ਮਾਤਰ ਹੁੰਦੀ ਹੈ।

ਦੁਨਿਆਵੀ ਤਮ੍ਹਾ ਵਾਲਾ ਹਰ ਇਕ ਇਨਸਾਨ ਇਹ ਸੱਚੀ ਕੁਰਬਾਨੀ ਨਹੀਂ ਦੇ ਸਕਦਾ, ਜਦ ਤਕ ਕਿ ਉਸ ਦੇ ਰੋਮ-ਰੋਮ ਅੰਦਰ ਸੱਚੀ ਸ਼ਹੀਦੀ-ਸਪਿਰਿਟ ਨਾ ਸਮਾਈ ਹੋਵੇ। ਹੋਰ ਤਾਂ ਕੀ ਕਹਿਣਾ ਹੈ ਕਿ ਰਾਮ ਰਾਇ ਸਾਰਖੇ ਗੁਰੂ-ਘਰ ਵਿਖੇ ਪਲੇ ਹੋਏ ਭੀ ਸੁਆਰਥ-ਗਰਦੀ ਦੀ ਕਾਂਪ ਖਾ ਗਏ ਅਤੇ ਹਮੇਸ਼ਾ ਲਈ ਗੁਰੂ-ਘਰ ਦੇ ਸਿੱਖਾਂ ਦੀਆਂ ਨਜ਼ਰਾਂ ਵਿਚ ਮਨਜ਼ੂਰ ਨਾ ਪਏ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਏਸੇ ਕਰਕੇ ਹੀ ਸੱਚੀ ਅਤੇ ਨਿਸ਼ਕਾਮ ਗਰਦਾਨੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਸ੍ਵਾਰਥੀ ਕਿਸੇ ਮਤਲਬ ਖ਼ਾਤਰ ਯਾ ਕੂੜਾਵੇ ਤਨ ਦੀ ਰੱਖਿਆ ਖ਼ਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਆਪਣੇ ਗੁਰੂ-ਦਰਸਾਏ ਗੁਰਵਾਕਾਂ ਉਤੇ ਪਰਬਤ ਦੀ ਨਿਆਈਂ ਅਟੱਲ ਰਹੇ।

[ਗੁਰਮਤਿ ਪ੍ਰਕਾਸ਼ ਪੁਸਤਕ ਵਿਚੋਂ



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਦੀ ਪੜਚੋਲ ਕੀਤੀ ਜਾਏ ਤਾਂ ਕਈ ਤੱਥ ਸਾਡੇ ਸਾਹਮਣੇ ਆ ਜਾਂਦੇ ਹਨ, ਜਿਨ੍ਹਾਂ ਬਾਰੇ ਅਸੀਂ ਇਸ ਲੇਖ ਵਿਚ ਵਿਚਾਰ ਕਰਾਂਗੇ।

(੧)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿਚ ਹਿੰਦੂਆਂ ਦੀ ਜੋ ਦੁਰਦਸ਼ਾ ਹੋ ਰਹੀ ਸੀ, ਉਹ ਕਥਨ ਕਹਿਣ ਤੋਂ ਬਾਹਰੀ ਹੈ। ਪਹਿਲਾਂ ਪਠਾਣਾਂ ਤੇ ਫਿਰ ਮੁਗਲਾਂ ਦੀ ਮੁਸਲਮਾਨੀ ਹਕੂਮਤ ਵਿਚ ਹਿੰਦੂਆਂ ਨੂੰ ਗ਼ੁਲਾਮ ਬਣਾ ਕੇ ਜੋ ਜੋ ਕਹਿਰ ਤੇ ਜ਼ੁਲਮ ਉਨ੍ਹਾਂ ਤੇ ਢਾਹੇ ਗਏ, ਉਹ ਪੜ੍ਹ ਸੁਣ ਕੇ ਕਲੇਜਾ ਕੰਬ ਉਠਦਾ ਹੈ। ਲੱਖਾਂ ਦੀ ਗਿਣਤੀ ਵਿਚ ਕਤਲ ਕੀਤੇ ਜਾਂਦੇ, ਬਹੂ-ਬੇਟੀਆਂ ਦੀ ਇੱਜ਼ਤ ਲੁਟੀ ਜਾਂਦੀ ਅਤੇ ਸੁੰਦਰ ਯੁਵਕ ਤੇ ਯੁਵਤੀਆਂ ਨੂੰ ਗ਼ੁਲਾਮ ਤੇ ਲੌਂਡੀਆਂ ਬਣਾ ਕੇ ਗ਼ਜ਼ਨੀ ਤੇ ਕਾਬਲ ਦੇ ਬਜ਼ਾਰਾਂ ਵਿਚ ਦੋ ਦੋ ਦੀਨਾਰਾਂ (੬੦-੭੦ ਪੈਸੇ ਦਾ ਦੀਨਾਰ) ਬਦਲੇ ਵੇਚਿਆ ਜਾਂਦਾ ਰਿਹਾ। ਕੋਈ ਹਿੰਦੂ ਚੰਗਾ ਕਪੜਾ ਨਹੀਂ ਪਹਿਨ ਸਕਦਾ ਸੀ ਤੇ ਨਾ ਚੰਗਾ ਭੋਜਨ ਖਾ ਸਕਦਾ ਸੀ, ਘੋੜੇ ਦੀ ਸਵਾਰੀ ਨਹੀਂ ਕਰ ਸਕਦਾ ਸੀ, ਆਦਿ।

ਜ਼ੁਲਮ ਦੀ ਇਸ ਹਨੇਰੀ ਵਿਚ ਪਰਜਾ ਦੀ ਹਾਲਤ ਇੰਨੀ ਨਿਘਰ ਚੁਕੀ ਸੀ ਕਿ ਉਨ੍ਹਾਂ ਵਿਚ ਉਭਾਸਰਨ ਲਈ ਸਾਹ-ਸਤ ਨਹੀਂ ਸੀ ਰਿਹਾ। ਕੂੜ ਕੁਸੱਤ, ਠੱਗੀ ਫ਼ਰੇਬ, ਅਨਿਆਂ ਤੇ ਰਿਸ਼ਵਤ-ਖ਼ੋਰੀ ਦਾ ਬਜ਼ਾਰ ਗਰਮ ਸੀ ਅਤੇ ਧਰਮ ਜਾਂ ਇਨਸਾਫ਼ ਦਾ ਕਿਤੇ ਨਾਮੋ-ਨਿਸ਼ਾਨ ਤਕ ਨਹੀਂ ਸੀ ਦਿਸਦਾ। ਪਰਜਾ ਦੇ ਰਾਖੇ ਹੀ ਪਰਜਾ ਤੇ ਜ਼ੁਲਮ ਢਾਹ ਰਹੇ ਸਨ, ਵਾੜ ਖੇਤ ਨੂੰ ਖਾ ਰਹੀ ਸੀ।

ਭਾਈ ਗੁਰਦਾਸ ਜੀ ਇਸ ਦਸ਼ਾ ਦਾ ਜ਼ਿਕਰ ਇਉਂ ਕਰਦੇ ਹਨ—

> ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥
> ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤੁ ਮੁਖਹੁ ਆਲਾਈ॥......
> ਕਾਜੀ ਹੋਇ ਰਿਸ਼ਵਤੀ, ਵੱਢੀ ਲੈ ਕੇ ਹਕ ਗਵਾਈ॥......
> ਵਰਤਿਆ ਪਾਪ ਸਭਸ ਜਗ ਮਾਹੀ॥੩੦॥ (ਵਾਰ ੧)

ਜਗਤ ਵਿਚ ਸਾਰੇ ਪਾਸੇ ਪਾਪ ਦਾ ਇਹ ਵਰਤਾਰਾ ਵਰਤ ਰਿਹਾ ਸੀ। ਕਲਜੁਗ ਦੇ ਇਸ ਭਿਆਨਕ ਸਮੇਂ ਲੁਕਾਈ ਅੰਦਰ ਸ਼ੂਦਰਾਂ ਵਾਲੀ ਬਿਰਤੀ ਵਰਤ ਰਹੀ ਸੀ, ਲੁਕਾਈ ਈਰਖਾ ਸਾੜੇ ਹਉਮੈ ਵਿਚ ਸੜ ਰਹੀ ਸੀ ਅਤੇ ਸਾਰੀ ਲੁਕਾਈ ਦੇ ਹੀ ਕਰਮ ਧਰਮ ਭ੍ਰਿਸ਼ਟੇ ਜਾ ਚੁਕੇ ਸਨ। ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ—

> ਕਲਿਜੁਗ ਚਉਥਾ ਥਾਪਿਆ, ਸੂਦ੍ਰ ਬਿਰਤਿ ਜਗ ਮਹਿ ਵਰਤਾਈ॥......
> ਉਠੀ ਗਿਲਾਨਿ ਜਗਤ ਵਿਚਿ, ਹਉਮੈ ਅੰਦਰਿ ਜਲੈ ਲੁਕਾਈ॥ .....
> ਕਰਮ ਭ੍ਰਿਸਟਿ ਸਭਿ ਭਈ ਲੁਕਾਈ॥੭॥ (ਵਾਰ ੧)

ਸਤਿਗੁਰੂ ਨਾਨਕ ਦੇਵ ਜੀ ਕਲਜੁਗ ਦੀ ਇਸ ਤਰਸ ਯੋਗ ਦਸ਼ਾ ਦਾ ਵਰਨਣ ਇਉਂ ਕਰਦੇ ਹਨ ਕਿ ਕਲਜੁਗ ਦਾ ਸਮਾ ਕੈਂਚੀ ਸਮਾਨ ਸਭ ਨੂੰ ਵਢਣ ਟੁਕਣ ਵਾਲਾ ਬਣ ਚੁਕਾ ਹੈ, ਰਾਜੇ ਕਸਾਈ ਬਣ ਕੇ ਪਰਜਾ ਤੇ ਜ਼ੁਲਮ ਢਾਹ ਰਹੇ ਹਨ, ਧਰਮ ਦਾ ਕਿਤੇ ਨਾਮੋ ਨਿਸ਼ਾਨ ਨਹੀਂ ਦਿਸਦਾ, ਸਭ ਪਾਸੇ ਕੂੜ ਦੀ ਕਾਲੀ ਬੋਲੀ ਰਾਤ ਮੱਸਿਆ ਵਾਂਗ ਛਾਈ ਹੋਈ ਹੈ, ਅਤੇ ਸਚ ਰੂਪ ਚੰਦ੍ਰਮਾ ਕਦੇ ਕਿਤੇ ਚੜ੍ਹਿਆ ਹੀ ਨਹੀਂ ਜਾਪਦਾ। ਗੁਰਵਾਕ ਹੈ-

> ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ॥
> ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (ਪੰਨਾ ੧੪੫)

ਕਲਜੁਗ ਦੀ ਇਸ ਭ੍ਰਿਸ਼ਟੀ ਹੋਈ ਦਸ਼ਾ ਵਿਚ ਪਾਪ-ਰਾਜ ਦਾ ਵਰਤਾਰਾ ਵਰਤ ਰਿਹਾ ਸੀ। ਬਹੁ-ਦੇਵ-ਪੂਜਾ ਤੇ ਚਹੁੰ ਵਰਨਾਂ ਦੀ ਵੰਡ ਨੇ ਊਚ ਨੀਚ ਦੇ ਅਤੇ ਵਡੇ ਛੋਟੇ ਦੇ ਵਿਤਕਰੇ ਖੜੇ ਕਰ ਦਿਤੇ ਸਨ, ਜਿਸ ਕਾਰਨ ਈਰਖਾ



www.AKJ.Org

ਨਫ਼ਰਤ ਤੇ ਹਉਮੈ ਦਾ ਪਸਾਰਾ ਪਸਰ ਰਿਹਾ ਸੀ । ਇਸ ਦਸ਼ਾ ਦਾ ਜ਼ਿਕਰ ਭਾਈ ਗੁਰਦਾਸ ਜੀ ਇਉਂ ਕਰਦੇ ਹਨ–

ਬਾਬਾ ਦੇਖੈ ਧਿਆਨ ਧਰਿ, ਜਲਤੀ ਸਭ ਪ੍ਰਿਥਵੀ ਦਿਸਿ ਆਈ॥
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥੨੪॥ (੧)

ਸ੍ਰਿਸ਼ਟੀ ਦੀ ਪੁਕਾਰ ਸੁਣ ਕੇ ਦ ਤਾਰ ਪ੍ਰਭੂ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਜਗਤ ਵਿਖੇ ਭੇਜਿਆ, ਜਿਨ੍ਹਾਂ ਨੇ ਧਰਮ ਦਾ ਵਿਸਥਾਰ ਕਰਨ ਲਈ ਲੁਕਾਈ ਨੂੰ ਬਹੁ-ਪੂਜਾ ਤੋਂ ਹਟਾ ਕੇ ਇਕ ਅਕਾਲ-ਪੁਰਖ-ਪਾਰਬ੍ਰਹਮ-ਪ੍ਰਭੂ ਦੀ ਪੂਜਾ ਵਿਚ ਲਾਇਆ ਅਤੇ ਚਹੁੰ ਵਰਨਾਂ ਦੇ ਵਿਤਕਰੇ ਮੇਟ ਕੇ ਇਕੋ ਖਾਲਸ ਵਰਨ ਬਣਾ ਵਿਖਾਇਆ, ਜਿਸ ਅਨੁਸਾਰ ਰਾਜੇ ਅਤੇ ਗਰੀਬ ਮੰਗਤੇ ਸਾਰੇ ਇਕ ਬਰਾਬਰ ਸੰਗਤ ਪੰਗਤ ਰੂਪ ਵਿਚ ਇਕੱਠੇ ਕਰ ਦਿਤੇ । ਹਉਮੈ-ਹੰਕਾਰ ਦੀ ਥਾਂ ਗਰੀਬੀ ਹਲੇਮੀ ਨੂੰ ਵਡਿਆਈ ਦਿਤੀ । ਭਾਈ ਗੁਰਦਾਸ ਜੀ ਲਿਖਦੇ ਹਨ–

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ॥
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪਿਲਾਇਆ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਲਾਇਆ॥
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨ ਕਰਾਇਆ॥
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ॥੨੩॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਜਿਥੇ ਧਰਮ ਦਾ ਰਾਜ ਵਿਥਾਰਨ ਲਈ ਕਸਾਈ ਤੇ ਜ਼ਾਲਮ ਰਾਜਿਆ ਨੂੰ ਸਚ ਦਾ ਮਾਰਗ ਦਰਸਾਣਾ ਸੀ ਉਥੇ ਜਾਤਿ-ਅਭਿਮਾਨੀਆਂ ਦੇ ਭਰਮ-ਜਾਲ ਨੂੰ ਤੋੜਨਾ ਵੀ ਅਤਿ ਜ਼ਰੂਰੀ ਸੀ ।

ਇਸ ਵਰਨ-ਵੰਡ ਦਾ ਬ੍ਰਾਹਮਣ ਨੇ ਐਸਾ ਜਾਲ ਤਣਿਆ ਹੋਇਆ ਸੀ ਕਿ ਜਿਸ ਦੇ ਚੁੰਗਲ ਵਿਚ ਫਸੀ ਨੀਚ-ਜਾਤੀ ਜਨਤਾ ਬੁਰੀ ਤਰ੍ਹਾਂ ਪੀਸੀ ਜਾ ਰਹੀ ਸੀ । ਇਨ੍ਹਾਂ ਨੀਚਾਂ ਨੂੰ ਉਭਾਰਨਾ, ਸਾਹਸ ਦੇਣਾ ਅਤੇ ਆਪਣੇ ਪੈਰਾਂ ਤੇ ਖਲੋਣ ਜੋਗਾ ਕਰਨਾ ਵੀ ਗੁਰੂ ਨਾਨਕ ਪਾਤਸ਼ਾਹ ਦਾ ਮੁਖ ਨਿਸ਼ਾਨਾ ਸੀ ।

ਅਗਿਆਨ-ਗ੍ਰਸੀ ਹਾ ਹਾ ਕਰਦੀ ਵਿਲਲਾਂਦੀ ਦੁਖੀ ਲੁਕਾਈ ਦੇ ਦੁਖ ਵੰਡਾਣ ਲਈ, ਸੱਚ-ਮਾਰਗ ਤੇ ਪਾਣ ਲਈ ਅਤੇ ਇਕ ਅਕਾਲ ਦੀ ਪੂਜਾ ਦ੍ਰਿੜ ਕਰਾਉਣ ਲਈ ਚਾਲੇ ਪਾਉਣ ਲਗਿਆਂ ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ ਕਮਰਕਸਾ ਕੀਤਾ ਤਾਂ ਆਪਣੇ ਨਾਲ ਦਾ ਸਖਾ-ਸਾਥੀ ਭਾਈ ਮਰਦਾਨਾ ਜੀ ਰਬਾਬੀ ਨੂੰ ਚੁਣਿਆ, ਜੋ ਨੀਚ ਜਾਤ ਦਾ ਮਿਰਾਸੀ ਸਦਾਂਦਾ ਸੀ । ਆਪ ਜੀ ਨੇ ਉਚ-ਜਾਤੀ ਸਦਵਾਂਦੇ ਬ੍ਰਾਹਮਣਾਂ ਨੂੰ ਅਲ-ਐਲਾਨੀਆਂ ਬਾਣੀ ਦੁਆਰਾ ਵੰਗਾਰ ਦਿਤੀ–

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ॥੪॥੩॥

[ਸਿਰੀ ਰਾਗੁ ਮਹਲਾ ੧, ਪੰਨਾ ੧੫

ਨੀਚਾਂ ਨੂੰ ਉਚਿਆਂ ਚੁਕਣ ਵਾਲੀ ਇਹ ਵੰਗਾਰ ਉਚ ਜਾਤੀ ਬ੍ਰਾਹਮਣਾਂ ਨੂੰ ਕਿਵੇਂ ਚੈਨ ਨਾਲ ਬੈਠਣ ਦੇ ਸਕਦੀ ਸੀ । ਉਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਨੀਚ-ਜਾਤੀ ਮਨੁਖ ਗੁਰੂ ਕੀ ਸੰਗਤ ਵਿਚ ਅਤੇ ਗੁਰੂ ਕੇ ਲੰਗਰ ਦੀ ਪੰਗਤ ਵਿਚ ਉਚ ਜਾਤੀਆਂ ਦੇ ਬਰਾਬਰ ਇਕ-ਸਮਾਨ ਬੈਠ ਸਕਣ ।

ਬ੍ਰਾਹਮਣ ਜਾਤੀ ਦੀ ਸਮਾਜਕ ਅਤੇ ਆਰਥਕ ਦਸ਼ਾ ਦਾ ਸਹਾਰਾ ਹੀ ਇਹੋ ਵਰਣ-ਵੰਡ ਦੇ ਵਿਤਕਰੇ ਸਨ । ਇਸੇ ਵਰਣ-ਵੰਡ ਸਦਕਾ ਹੀ ਉਹ ਰੰਗ-ਰਲੀਆਂ ਤੇ ਐਸ਼ੋ ਇਸ਼ਰਤ ਦਾ ਜੀਵਨ ਭੋਗ ਰਹੇ ਸਨ । ਗੁਰੂ ਨਾਨਕ ਦੇਵ ਜੀ ਦੀ ਇਸ ਤਾਲੀਮ ਸਦਕਾ ਨੀਚ ਜਾਤੀਆਂ ਉਹਨਾਂ ਤੋਂ ਆਕੀ ਹੋ ਰਹੀਆਂ ਸਨ ਅਤੇ ਉਹਨਾਂ ਦੇ ਜੂਲੇ ਹੇਠੋਂ ਨਿਕਲਦੀਆਂ ਦਿਸ ਰਹੀਆਂ ਸਨ । ਜੁਗਾਂ-ਜੁਗਾਂਤਰਾਂ ਤੋਂ ਚਲੀ ਆ ਰਹੀ ਸ਼ਾਸਤਰ-ਮਰਯਾਦਾ ਅਤੇ ਰਹੁ-ਰੀਤ ਤੋਂ ਉਲਟ ਚਲਣਾ, ਉਹ ਮਹਾਨ ਅਪਰਾਧ ਗਰਦਾਨਦੇ ਸਨ ।



www.AKJ.Org

ਗੁਰੂ-ਘਰ ਦੀ ਇਹ ਸਿਖਿਆ—ਕਿ 'ਸਭ ਊਚ ਨੀਚ ਇਕ-ਸਮਾਨ ਹਨ, ਭਰਾ ਭਰਾ ਹਨ, ਸਾਰੇ ਇਕੱਠੇ ਸਗਤ ਵਿਚ ਬਰਾਬਰ ਬਰਾਬਰ ਬੈਠ ਸਕਦੇ ਹਨ ਅਤੇ ਪੰਗਤ ਵਿਚ ਬਰਾਬਰ ਬਰਾਬਰ ਬੈਠ ਕੇ ਭੋਜਨ ਛਕ ਸਕਦੇ ਹਨ— ਉਚ-ਜਾਤੀ ਬ੍ਰਾਹਮਣਾਂ ਨੂੰ ਨਾ ਭਾਈ, ਇਸ ਨਾਲ ਉਨ੍ਹਾਂ ਦੀ ਪ੍ਰਭਤਾ ਅਤੇ ਰਿਜ਼ਕ ਦੋਵੇਂ ਖੁਸਦੇ ਜਾਪਦੇ ਸਨ।

ਗੁਰੂ-ਘਰ ਦੇ ਵਿਰੋਧ ਦਾ ਸਭ ਤੋਂ ਪਹਿਲਾ ਅਤੇ ਵੱਡਾ ਕਾਰਨ ਜਿਥੇ ਮਹਾਨ ਵਡੀ ਹਕੂਮਤ ਦੇ ਜ਼ੁਲਮਾਂ, ਜ਼ਬਰਾਂ, ਬੇ-ਇਨਸਾਫ਼ੀਆਂ ਦੇ ਵਿਰੁਧ ਅਵਾਜ਼ ਉਠਾਣੀ ਸੀ ਉਥੇ ਉਚ-ਜਾਤੀਆਂ ਦੇ ਜਾਲ ਵਿਚੋਂ ਨੀਚ ਸਦਾਂਦੇ ਲੋਕਾਂ ਨੂੰ ਮੁਕਤ ਕਰਾਣਾ ਸੀ। ਆਪਣੀ ਪ੍ਰਭਤਾ ਤੇ ਰੋਜ਼ੀ ਖੁਸਦੀ ਵੇਖ ਕੇ ਹੀ ਉਚ-ਜਾਤੀਏ ਗੁਰੂ ਘਰ ਦੇ ਕਟੜ ਵਿਰੋਧੀ ਹੋ ਰਹੇ ਸਨ। ਬ੍ਰਾਹਮਣ ਸਿਖ ਧਰਮ ਨੂੰ ਵਧਦਾ-ਫੁਲਦਾ ਵੇਖ ਨਹੀਂ ਸਕਦਾ ਸੀ ਅਤੇ ਉਹ ਹਰ ਹੀਲੇ ਸਿਖ ਧਰਮ ਨੂੰ ਪਛਾੜਨ ਲਈ ਤੁਲਿਆ ਹੋਇਆ ਸੀ।

ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਇਹ ਤਾਲੀਮ ਦਿਨ-ਬਦਿਨ ਫੈਲ ਰਹੀ ਸੀ ਅਤੇ ਅਨੇਕਾਂ ਲੋਕ ਉਹਨਾਂ ਦੀ ਇਸ ਤਾਲੀਮ ਨੂੰ ਗ੍ਰਹਿਣ ਕਰਨ ਦੇ ਸਦਕੇ, ਸੱਚ ਦੇ ਮਾਰਗ ਤੇ ਚਲਦਿਆਂ ਹੋਇਆਂ ਨਿਰਭੈ ਹੋ ਕੇ ਵਿਚਰਨ ਲਗ ਪਏ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੀਂ ਪਾਤਸ਼ਾਹੀ ਤਕ ਸਿਖੀ ਦਾ ਇਹ ਪਰਚਾਰ ਦੂਰ ਦੂਰ ਤਕ ਫੈਲ ਚੁਕਾ ਸੀ, ਜੋ ਉਚ ਜਾਤੀਆਂ ਨੂੰ ਕੰਡੇ ਸਮਾਨ ਚੁਭ ਰਿਹਾ ਸੀ। ਇਸ ਵੇਲੇ ਅਕਬਰ ਦਾ ਰਾਜ ਸੀ। ਇਸ ਦੇ ਦਰਬਾਰ ਵਿਚ ਨੌਂ ਰਤਨਾਂ ਵਿਚ ਇਕ ਜਾਤਿ-ਅਭਿਮਾਨੀ ਬ੍ਰਾਹਮਣ ਬੀਰਬਲ ਸੀ। ਬੀਰਬਲ ਕਟੜ ਬ੍ਰਾਹਮਣ ਸੀ। ਊਚ-ਜਾਤੀਏ ਇਸ ਦੇ ਨਾਲ ਮਿਲ ਕੇ, ਸਿਖ ਧਰਮ ਦੇ ਬਰਖ਼ਿਲਾਫ਼ ਅਕਬਰ ਦੇ ਕੰਨ ਭਰਦੇ ਰਹਿੰਦੇ ਸਨ। ਗੁਰੂ ਅਮਰਦਾਸ ਜੀ ਦੇ ਵੇਲੇ ਵੀ ਉਚ-ਜਾਤੀ ਅਕਬਰ ਦੇ ਦਰਬਾਰ ਵਿਚ ਗੁਰੂ-ਘਰ ਦੇ ਬਰਖ਼ਿਲਾਫ਼ ਸ਼ਿਕਾਇਤੀ ਹੋਏ ਸਨ। ਉਦੋਂ ਗੂਰੂ ਅਮਰ ਦਾਸ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ ਨੂੰ) ਸ਼ਾਹੀ ਦਰਬਾਰ ਵਿਚ ਆਪਣਾ ਪੱਖ ਪੇਸ਼ ਕਰਨ ਲਈ ਭੇਜਿਆ ਸੀ ਅਤੇ ਉਹਨਾਂ ਦੇ ਸਿਆਣਪ ਭਰੇ ਤੇ ਸੰਜੀਦਾ ਵੀਚਾਰਾਂ ਨੇ ਬਾਦਸ਼ਾਹ ਦੀ ਐਸੀ ਨਿਸ਼ਾ ਕਰਵਾਈ ਸੀ ਕਿ ਉਚ ਜਾਤੀਆਂ ਨੂੰ ਮੂੰਹ ਦੀ ਖਾ ਕੇ ਤੇ ਬੇਇਜ਼ਤ ਹੋ ਕੇ ਸ਼ਾਹੀ ਦਰਬਾਰ ਵਿਚੋਂ ਪਰਤਣਾ ਪਿਆ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਭਰਾਤਾ ਪ੍ਰਿਥੀਚੰਦ ਵੀ, ਗੁਰੂ ਅਰਜਨ ਦੇਵ ਜੀ ਨੂੰ ਗੁਰ-ਗੱਦੀ ਦਿਤੇ ਜਾਣ ਦੇ ਸਮੇਂ ਤੋਂ ਹੀ ਗੁਰੂ ਪਾਤਸ਼ਾਹ ਦਾ ਸਖ਼ਤ ਵਿਰੋਧੀ ਬਣਿਆ ਹੋਇਆ ਸੀ ਅਤੇ ਈਰਖਾ-ਵਸ ਹੋ ਕੇ ਉਸ ਨੇ ਕਈ ਜ਼ਲੀਲ ਵਾਰ ਗੁਰੂ ਮਹਾਰਾਜ ਤੇ ਕੀਤੇ, ਪਰ ਹਮੇਸ਼ਾ ਹੀ ਉਲਟੀ ਹੀ ਪੈਂਦੀ ਰਹੀ। ਜਦੋਂ ਅਕਬਰ ਬਾਦਸ਼ਾਹ ੧੫੯੮ ਈਸਵੀ ਵਿਚ ਲਾਹੌਰ ਆਇਆ ਸੀ ਤਾਂ ਪ੍ਰਿਥੀ ਚੰਦ ਨੇ ਸਰਕਾਰੀ ਕਰਮਚਾਰੀਆਂ ਦੀ ਮਦਦ ਨਾਲ ਅਕਬਰ ਨੂੰ ਇਹ ਯਕੀਨ ਦਿਵਾਣਾ ਚਾਹਿਆ ਕਿ ਗੁਰੂ ਅੱਰਜਨ ਸਾਹਿਬ ਆਪਣੀ ਬਾਣੀ ਰਾਹੀਂ ਹਿੰਦੂ-ਧਰਮ ਅਤੇ ਇਸਲਾਮ ਦੇ ਵਿਰੁਧ ਆਪਣੀ ਸਿਖੀ ਦਾ ਪਰਚਾਰ ਕਰ ਰਿਹਾ ਹੈ। ਬੀਰਬਲ ਵੀ ਅਜਿਹੀਆਂ ਲੂਤੀਆਂ ਲਾਂਦਾ ਹੀ ਰਹਿੰਦਾ ਸੀ। ਅਖ਼ੀਰ ਇਸੇ ਸਾਲ ਦੇ ਅਖ਼ੀਰ ਵਿਚ ਅਕਬਰ ਗੋਇੰਦਵਾਲ ਵਿਖੇ ਗੁਰੂ ਅਰਜਨ ਸਾਹਿਬ ਨੂੰ ਮਿਲ ਪਿਆ। ਗੁਰਬਾਣੀ ਦੇ ਦਰਸ਼ਨ ਕੀਤੇ, ਕਈ ਸ਼ਬਦ ਸੁਣੇ ਅਤੇ ਆਪਣੀ ਹਥੀਂ ਕਈ ਵਰਕੇ ਪਰਤ ਕੇ ਵੀ ਪੜ੍ਹਾਏ। ਅਕਬਰ ਇਹ ਮਿਠੀ ਪਿਆਰੀ ਬਾਣੀ ਸੁਣ ਕੇ ਬਹੁਤ ਪ੍ਰਸੰਨ ਹੋਇਆ, ਉਸ ਨੂੰ ਪ੍ਰਤੀਤ ਹੋ ਗਿਆ ਕਿ ਇਹ ਬਾਣੀ ਮਨੁਖ ਮਾਤਰ ਦੇ ਭਲੇ ਲਈ ਹੈ, ਸਰਬ-ਸਾਂਝੀ ਹੈ। ਇਥੇ ਵੀ ਵਿਰੋਧੀਆਂ ਦੀ ਦਾਲ ਨਾ ਗਲੀ, ਸਗੋਂ ਬਾਦਸ਼ਾਹ ਦੇ ਦਿਲ ਵਿਚ ਗੁਰੂ ਘਰ ਦਾ ਸਤਿਕਾਰ ਬਣਿਆ ਰਿਹਾ।

## ( ੨ )

ਸ਼ਹੀਦੀ ਦਾ ਇਕ ਕਾਰਨ ਚੰਦੂ ਲਾਲ ਕਸ਼ਤਰੀ ਸਮਝਿਆ ਜਾਂਦਾ ਹੈ। ਉਹ ਮੁਗ਼ਲ ਰਾਜ ਵਿਚ ਲਾਹੌਰ ਦਰਬਾਰ ਵਿਚ ਉਚ ਅਹੁਦੇ ਤਕ ਪੁਜ ਚੁਕਾ ਸੀ। ਸ਼ਾਹੀ ਮੁਲਾਜ਼ਮ ਸੀ, ਆਪਣੇ ਆਪ ਨੂੰ ਬਹੁਤ ਵਡਾ ਸਮਝਦਾ ਸੀ। ਇਸ ਨੇ ਆਪਣੀ ਕੰਨਿਆ ਲਈ ਯੋਗ ਰਿਸ਼ਤਾ ਲਭਣ ਲਈ ਲਾਗੀ ਭੇਜੇ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੋਣਹਾਰ ਸਾਹਿਬਜ਼ਾਦੇ (ਗੁਰੂ) ਹਰਿਗੋਬਿੰਦ ਜੀ ਨੂੰ ਪਸੰਦ ਕਰ ਗਏ। ਚੰਦੂ ਇਹ ਜਾਣ ਕੇ ਹੰਕਾਰ ਵਿਚ ਉਲਟ ਪੁਲਟ


www.AKJ.Org

ਬੋਲਿਆ ਅਤੇ ਕਹਿਣ ਲਗਾ ਕਿ ਇਹ ਤਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣ ਸਮਾਨ ਹੈ। ਆਪਣੇ ਆਪ ਨੂੰ ਚੁਬਾਰਾ ਤੇ ਗੁਰੂ ਘਰ ਨੂੰ ਮੋਰੀ ਕਹਿਣ ਵਾਲੀ ਗੱਲ ਲਾਹੌਰ ਦੀ ਸੰਗਤ ਦੀ ਕੰਨੀਂ ਪਈ। ਸੰਗਤ ਨੇ ਗੁਰੂ ਦਰਬਾਰ ਵਿਚ ਬੇਨਤੀ ਕਰ ਭੇਜੀ ਕਿ ਗੁਰੂ-ਘਰ ਦੀ ਨਿਰਾਦਰੀ ਕਰਨ ਵਾਲੇ ਇਸ ਹੰਕਾਰੀ ਦਾ ਰਿਸ਼ਤਾ ਕ਼ਬੂਲ ਨਹੀਂ ਕਰਨਾ। ਸੰਗਤ ਦੀ ਬੇਨਤੀ ਪਰਵਾਨ ਕੀਤੀ ਗਈ ਅਤੇ ਚੰਦੂ ਦੀ ਲੜਕੀ ਦਾ ਰਿਸ਼ਤਾ ਅਪ੍ਰਵਾਨ ਕਰ ਦਿਤਾ ਗਿਆ। ਚੰਦੂ ਆਪਣੀ ਮੰਦੀ ਕਰਤੂਤ ਕਰਕੇ ਫਿਟਕਾਰਿਆ ਗਿਆ। ਹੁਣ ਉਹ ਗੁਰੂ-ਘਰ ਦਾ ਸਖ਼ਤ ਵਿਰੋਧੀ ਹੋ ਗਿਆ। ਜਾਤ-ਅਭਿਮਾਨੀ ਨਾਲ ਰਲ ਕੇ ਇਹ ਭੀ ਗੁਰੂ-ਘਰ ਦੇ ਬਰਖ਼ਿਲਾਫ਼ ਲਾਹੌਰ ਦਰਬਾਰ ਵਿਚ ਲੂਤੀਆਂ ਲਾਂਦਾ ਰਿਹਾ ਤੇ ਕੰਨ ਭਰਦਾ ਹੀ ਰਿਹਾ।

( ੩ )

੧੬੦੫ ਈਸਵੀ ਨੂੰ ਅਕਬਰ ਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਾ। ਇਨਫ਼ਿਨਸਟਨ ਦੇ ਇਤਿਹਾਸ ਪੰਨਾ ੬੨੯ ਤੇ ਦਰਜ ਹੈ ਕਿ ਜਹਾਂਗੀਰ ਪਹਿਲਾਂ ਪਹਿਲ ਬਹੁਤ ਹੀ ਹੰਕਾਰੀ, ਜ਼ਾਲਮ, ਨਿਰਦਈ ਤੇ ਅਨਿਆਈਂ ਸੀ।" ਇਸ ਨੇ ਆਪਣੇ ਬਾਪ ਦਾ ਰਾਜ ਬੜੇ ਹੀਲਿਆਂ ਨਾਲ ਪ੍ਰਾਪਤ ਕੀਤਾ ਸੀ ਅਤੇ ਦਰਬਾਰ ਦੇ ਮੁਖੀ ਮੁਸਲਮਾਨ ਸਰਦਾਰਾਂ, ਕਾਜ਼ੀਆਂ, ਸਈਅਦਾਂ ਨੂੰ ਆਪਣੇ ਨਾਲ ਮਿਲਾਣ ਲਈ ਬਚਨ ਦਿਤਾ ਸੀ ਕਿ ਮੈਂ ਇਸਲਾਮ ਦੀ ਰਾਖੀ ਕਰਾਂਗਾ। ਰਾਜ-ਗੱਦੀ ਪ੍ਰਾਪਤ ਕਰਨ ਦੇ ਨਾਲ ਉਸ ਦੇ ਪੁਤਰ ਖੁਸਰੋ ਨੇ ਬਗ਼ਾਵਤ ਕਰ ਦਿਤੀ ਅਤੇ ਉਸ ਨੇ ਆਪਣਾ ਲਾਉ-ਲਸ਼ਕਰ ਲੈ ਕੇ ਲਾਹੌਰ ਦੇ ਕਿਲ੍ਹੇ ਨੂੰ ਆ ਘੇਰਿਆ। ਪਰ ਪਿਛੇ ਪਿਛੇ ਜਹਾਂਗੀਰ ਸ਼ਾਹੀ ਸੈਨਾ ਲੈ ਕੇ ਪੁਜ ਗਿਆ ਅਤੇ ਖੁਸਰੋ ਨਸਦਾ ਨਸਦਾ ਪਕੜਿਆ ਗਿਆ। ਉਸ ਦੇ ਸਭ ਹਮਾਇਤੀਆਂ ਨੂੰ ਤਤਕਾਲ ਹੀ ਇਕ ਇਕ ਕਰ ਕੇ ਫੜ ਲਿਆ ਗਿਆ ਅਤੇ ਸਖ਼ਤ ਸਜ਼ਾਵਾਂ ਦੇ ਦਿਤੀਆਂ ਗਈਆਂ।

ਉਚ-ਜਾਤੀਆਂ ਦੀ ਸਾਲਾਂ-ਬੱਧੀ ਦੀ ਵਿਰੋਧਤਾ ਤੇ ਈਰਖਾ ਸਦਕਾ ਲਾਹੌਰ ਤੇ ਦਿਲੀ ਸ਼ਾਹੀ ਦਰਬਾਰਾਂ ਵਿਚ ਗੁਰੂ-ਘਰ ਦੇ ਕਈ ਵਿਰੋਧੀ ਬਣ ਚੁਕੇ ਸਨ। ਅਨੇਕਾਂ ਹਿੰਦੂ ਤੇ ਕਈ ਮੁਸਲਮਾਨ ਵੀ ਗੁਰੂ-ਘਰ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ, ਜੋ ਕਾਜ਼ੀਆਂ ਮੁਲਾਣਿਆਂ ਨੂੰ ਕੰਡੇ ਵਾਂਗ ਰੜਕਦੇ ਸਨ। ਇਸਲਾਮ ਦਾ ਰਾਖਾ ਬਣਨ ਵਾਲੇ ਜਹਾਂਗੀਰ ਨੂੰ ਗੱਦੀ ਮਿਲਣ ਤੇ ਚੰਦੂ ਨੇ ਕਾਜ਼ੀਆਂ ਮੁਲਾਣਿਆਂ ਨੂੰ ਖ਼ੂਬ ਭੜਕਾਇਆ ਅਤੇ ਸਾਰਿਆਂ ਨੇ ਰਲ ਕੇ ਕਈ ਤਰ੍ਹਾਂ ਦੇ ਦੋਸ਼ ਲਗਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਰਖ਼ਿਲਾਫ਼ ਜਹਾਂਗੀਰ ਨੂੰ ਚਮਕਾਇਆ—

ਪਹਿਲੀ ਘਾੜਤ ਇਹ ਘੜੀ ਕਿ ਗੁਰੂ ਨੇ ਖੁਸਰੋ ਨੂੰ ਅਸੀਸ ਦਿਤੀ ਅਤੇ ਮਥੇ ਤੇ ਤਿਲਕ ਲਾਇਆ ਹੈ ਅਤੇ ਮਾਇਕ ਸਹਾਇਤਾ ਵੀ ਕੀਤੀ ਹੈ।

ਦੂਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਇਸਲਾਮ-ਵਿਰੋਧੀ ਕਲਾਮ ਦਸ ਕੇ ਵੀ ਭੜਕਾਇਆ ਜਾ ਰਿਹਾ ਸੀ।

ਤੀਜੇ ਇਹ ਦਸਿਆ ਕਿ ਕਈ ਭੁਲੜ ਮੁਸਲਮਾਨ ਉਸ ਦੇ ਪ੍ਰਚਾਰ ਦਾ ਅਸਰ ਕਬੂਲ ਕਰਦੇ ਹੋਏ ਦੀਨ ਮਜ਼ਹਬ ਛਡ ਕੇ ਉਸ ਦੇ ਸ਼ਰਧਾਲੂ ਬਣ ਰਹੇ ਹਨ।

ਸਤਿਗੁਰੂ ਪਾਤਿਸ਼ਾਹ ਨੇ ਗੁਰਵਾਕਾਂ ਨੂੰ ਉਲਟਾਉਣ ਦੀ ਬਾਦਸ਼ਾਹ ਦੀ ਦਰਖ਼ਾਸਤ ਬਿਲਕੁਲ ਪਰਵਾਨ ਨਾ ਕੀਤੀ ਅਤੇ ਨਾ ਹੀ ਕੋਈ ਜੁਰਮਾਨਾ ਭਰਨਾ ਪਰਵਾਨ ਕੀਤਾ।

ਭਾਵੇਂ ਜਹਾਂਗੀਰ ਜਾਣਦਾ ਸੀ ਕਿ ਖੁਸਰੋ ਦੇ ਹਮਾਇਤੀਆਂ ਨੂੰ ਸਜ਼ਾਵਾਂ ਦਿਤੀਆਂ ਜਾ ਚੁਕੀਆਂ ਸਨ, ਪਰ ਸਿਖ ਧਰਮ ਦੇ ਦੂਰ ਦੂਰ ਤਕ ਵਧਦੇ ਪਰਚਾਰ ਸਦਕਾ ਗਰੀਬ ਲੋਕਾਂ ਅੰਦਰ ਸਾਹਸ ਪੈਦਾ ਹੋ ਜਾਣਾ ਉਸ ਨੂੰ ਹਕੂਮਤ ਲਈ ਖ਼ਤਰਾ ਜਾਪਦਾ ਸੀ, ਇਸ ਲਈ ਇਕ ਬਾਗੀ ਨੂੰ ਸ਼ਰਨ ਦੇਣ ਤੇ ਸਹਾਇਤਾ ਕਰਨ ਦਾ ਬੜਾ ਵਡਾ ਇਲਜ਼ਾਮ ਥੋਪਿਆ ਗਿਆ ਅਤੇ ਬਗਾਵਤ ਦੇ ਦੋਸ਼ ਵਿਚ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਲਈ ਜੋ ਸਜ਼ਾ ਨੀਯਤ ਕੀਤੀ, ਉਹ ਆਪਣੀ ਪੁਸਤਕ "ਤੁਜ਼ਕਿ-ਜਹਾਂਗੀਰੀ" ਵਿਚ ਫ਼ਾਰਸੀ ਅਖਰਾਂ ਵਿਚ ਇਉਂ ਹੈ—



www.AKJ.Org

ਦਰ ਗੋਇੰਦਵਾਲ, ਕਿ ਬਰ ਕਿਨਾਰੇ ਦਰੀਆਏ ਬਿਆਹ ਵਾਕਹਿ ਅਸ੍ਤ, ਹਿੰਦੂਏ ਬੂਦ ਅਰਜੁਨ ਨਾਮ, ਦਰ ਲਿਬਾਸੇ ਪੀਰੀ ਵ ਸ਼ੈਖ਼ੀ । ਚੁਨਾਂਚਿ ਬਿਸੀਆਰੇ ਅਜ਼ ਸਾਦਾ ਲੌਹਾਨੇ ਹਨੂਦ, ਬਲਕਿ ਨਾਦਾਨੋ ਸਫ਼ੀ-ਹਾਨੇ ਇਸਲਾਮਰਾ; ਮੁਕੈਦੇ ਅਤਵਾਰੋ ਅਉਜ਼ਾਏ ਖ਼ੁਦ ਸਾਖ਼ਤਹ ਕੋਸੇ ਪੀਰੀ ਵ ਵਲਾਇਤ ਰਾ ਬੁਲੰਦ ਆਵਾਜ਼ਾਹ ਗਰਦਾਨੀਦਾ ਬੂਦ । ਵ ਊ ਰਾ ਗੁਰੂ ਮੇ-ਗੁਫ਼ਤੰਦ । ਵ ਅਜ਼ ਅਤਰਾਫ਼ੋ ਜਵਾਨਬ ਗੋਲਾਨੋ ਗੋਲ ਪ੍ਰਸਤਾਂ ਬ-ਦੂ ਰਜੂਹ ਆਵੁਰਦਹ ਏਤਿਕਾਦੇ ਤਮਾਮ ਬ ਊ ਇਜ਼ਹਾਰ ਮੇ-ਕਰਦੰਦ ।

ਅਜ਼ ਸਿਹ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੇ-ਦਾਸ਼ਤੰਦ ।

ਮੁੱਦਤਹਾ ਬ-ਖ਼ਾਤਰ ਮੇਗੁਜ਼ ਸ੍ਤ ਕਿ ਈਂ ਦੁਕਾਨੇ ਬਾਤਲ ਰਾ ਬਰ-ਤਰਫ਼ ਬਾਇਦ ਸਾਖ਼੍ਤ ਯਾ ਊ ਰਾ ਦਰ ਜਿਰਗਹੇ ਅਹਲੇ ਇਸਲਾਮ ਦਰ ਬਾਇਦ ਆਵੁਰਦ । ... ... ... ... ...

... ... ... ... ... ... ... ... ... ... ... ...

ਅਮਰ ਕਰਦਮ ਕਿ ਊਰਾ ਹਾਜ਼ਰ ਸਾਖ਼ਤੰਦ ਵ ਮਸਾਕਨੋ ਮਨਾਜ਼ਲੋ ਫ਼ਰਜ਼ੰਦਾਨੇ ਊ ਰਾ ਬ-ਮੁਰਤਜ਼ਾ ਖ਼ਾਂ ਅਨਾਇਤ ਨਮੂਦਮ। ਵ ਅਸਬਾਬੋ ਅਮਵਾਲੇ ਊ ਰਾ ਬ-ਕੈਦ ਜ਼ਬ੍ਤ ਦਰ ਆਵੁਰਦਹ, ਫਰਮੂਦਮ ਕਿ ਊ ਰਾ ਬ-ਸਿਆਸਤ ਵ ਬ-ਯਾਸਾ ਰਸਾਨੰਦ ।

در گوئندوال کہ بر کنارِ دریائے بیاہ واقع است ہندوئے
ارجن نام در لباسِ پیرے و شیخے ۔ چنانچہ بسیارِ از سادہ لوحانِ ہنود
بلکہ نادان و سفیہانِ اسلام را مقیدِ اطوار و اوضاعِ خود ساختہ
کوس پیری و ولائت را بلند آوازہ گردانیدہ بود ۔ او را گورو مے گفتند
و از اطراف و جوانب گولان وگول پرستان بدو رجوع آوردہ اعتقادِ تمام
باو اظہار مے کردند ۔ از سہ چہار پُشت او ایں دوکان را گرم مے داشتند
مدت ہا بخاطر مے گذشت کہ ایں دوکانِ باطل را برطرف باید ساخت ۔ یا
او را در جرگۂ اہلِ اسلام در باید آورد ۔ تا آنکہ دریں ایام خسرو ازاں
راہ عبور مے نمود ۔ ایں مردک مجہول ارادہ کرد کہ ملازمتِ او دریابد
در منزلے کہ جا و مقامِ او بود ۔ خسرو را نزول افتاد ۔ آمدہ او را دید و
بعضے مقدمات فرایافتہ باو رسانید ۔ و بر پیشانی او انگشتے از زعفران کہ
بہ اصطلاحِ ہندوآں قشقہ گویند کشید و آں را شگون مے دانند
چوں ایں مقدمہ بسامع جاہ و جلال مے رسید و بطلان او را
بوجہ اکمل مے دانستم ۔ امر کردم کہ او را حاضر ساختند و
مساکن و منازل و فرزندانِ او را بمرتضےٰ خاں عنایت نمودم
و اسباب و اموالِ او را بقید ضبط در آوردہ فرمودم کہ
او را بہ سیاست و یاسا رسانند ؛

ਇਸ ਦਾ ਪੰਜਾਬੀ ਉਲਥਾ ਇਉਂ ਹੈ :—

ਗੋਇੰਦਵਾਲ ਵਿਚ, ਜਿਹੜਾ ਕਿ ਬਿਆਸਾ ਦਰਿਆ ਦੇ ਕੰਢੇ ਉਤੇ ਹੈ, ਪੀਰਾਂ ਬਜ਼ੁਰਗਾਂ ਦੇ ਵੇਸ ਵਿਚ ਅਰਜਨ ਨਾਮ ਇਕ ਹਿੰਦੂ ਸੀ, ਜਿਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ, ਸਗੋਂ ਮੂਰਖ ਤੇ ਬੇ-ਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ-ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ । ਉਹ ਉਸ ਨੂੰ ਗੁਰੂ ਆਖਦੇ ਸਨ । ਸਭਨਾਂ ਤਰਫ਼ਾਂ ਤੋਂ ਫ਼ਰੇਬੀ ਤੇ ਠੱਗੀ-ਪਸੰਦ ਲੋਕ ਉਸ ਦੇ ਪਾਸ ਆ ਕੇ ਉਸ ਉਤੇ ਆਪਣੀ ਪੂਰੀ ਸ਼ਰਧਾ ਪਰਗਟ ਕਰਦੇ ਸਨ । ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਇਹ ਦੁਕਾਨ ਚਲਾਈ ਹੋਈ ਸੀ ।

ਢੇਰ ਸਮੇਂ ਤੋਂ ਮੇਰੇ ਦਿਲ ਵਿਚ ਖ਼ਿਆਲ ਉੱਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ) ਨੂੰ ਮੁਸਲਮਾਨੀ ਫ਼ਿਰਕੇ ਵਿਚ ਲੈ ਆਉਣਾ ਚਾਹੀਦਾ ਹੈ ।...............

ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਤੇ ਮੈਂ ਉਸ ਦੇ ਘਰ-ਘਾਟ ਤੇ ਬੱਚੇ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿਤੇ; ਅਤੇ ਉਸ ਦਾ ਮਾਲ-ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦੇਣ ।

ਜਹਾਂਗੀਰ ਦੀ ਆਪਣੀ ਉਪਰੋਕਤ ਲਿਖਤ ਤੋਂ ਸਪਸ਼ਟ ਹੈ ਕਿ ਬਾਗੀ ਦੀ ਮਦਦ ਕਰਨਾ ਅਤੇ ਗੁਰਵਾਕਾਂ ਨੂੰ



www.AKJ.Org

ਨਾ ਬਦਲਣ ਦਾ ਕੇਵਲ ਬਹਾਨਾ ਹੀ ਜਹਾਂਗੀਰ ਨੇ ਬਣਾਇਆ ਸੀ, ਅਸਲ ਵਿਚ ਉਹ ਸਿਖ ਧਰਮ ਦੇ ਵਧਦੇ ਫੁਲਦੇ ਪਰਚਾਰ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ ਅਤੇ ਸਿਖ ਧਰਮ ਦਾ ਇਤਨਾ ਹਰਮਨ ਪਿਆਰਾ ਬਣਦੇ ਜਾਣਾ ਕਿ ਹਿੰਦੂਆਂ ਤੋਂ ਇਲਾਵਾ ਕਈ ਮੁਸਲਮਾਨ ਵੀ ਸਿਖ ਧਰਮ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ। ਇਸ ਸੱਚ ਦਾ ਹੋਕਾ ਦੇਣ ਵਾਲੇ ਧਰਮ ਨੂੰ ਉਹ ਝੂਠ ਦੀ ਦੁਕਾਨ ਅਤੇ ਇਸ ਦੇ ਅਨੁਯਾਈਆਂ ਨੂੰ ਫ਼ਰੇਬੀ ਤੇ ਠਗੀ-ਪਸੰਦ ਲੋਕ ਗਰਦਾਨਦਾ ਹੈ। ਪੀੜ੍ਹੀਆਂ ਤੋਂ ਚਲੀ ਆ ਰਹੀ ਇਹ ਵਧਦੀ ਫੁਲਦੀ ਫੁਲਵਾੜੀ ਉਸ ਨੂੰ ਰੜਕ ਰਹੀ ਸੀ, ਜਿਸ ਨੂੰ ਖ਼ਤਮ ਕਰਨ ਲਈ ਜਹਾਂਗੀਰ ਨੇ ਉਪਰੋਕਤ ਹੁਕਮ ਦਿਤਾ ਕਿ ਗੁਰੂ ਅਰਜਨ (ਸਾਹਿਬ) ਨੂੰ ਸਿਆਸਤ ਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦਿਤਾ ਜਾਏ।

ਯਾਸਾ ਦਾ ਕਾਨੂੰਨ ੧੨੧੯ ਈਸਵੀ ਵਿਚ ਚੰਗੇਜ਼ ਖ਼ਾਂ ਨੇ ਲਾਗੂ ਕੀਤਾ ਸੀ, ਜਿਸ ਦਾ ਭਾਵ ਸੀ ਕਿ ਜੇ ਕੋਈ ਪਵਿਤਰ ਆਤਮਾ ਫ਼ਕੀਰ ਜਾਂ ਸਾਧੂ ਸੰਤ ਹਕੂਮਤ ਲਈ ਖ਼ਤਰਾ ਪਰਤੀਤ ਹੁੰਦਾ ਹੋਵੇ ਤਾਂ ਉਸ ਦਾ ਖ਼ੂਨ ਧਰਤੀ ਤੇ ਡੁਲ੍ਹੇ ਤੋਂ ਬਿਨਾਂ ਉਸ ਨੂੰ ਭਿਆਨਕ ਕਸ਼ਟ ਦੇ ਦੇ ਕੇ ਖ਼ਤਮ ਕਰ ਦਿਤਾ ਜਾਵੇ।

ਬਾਦਸ਼ਾਹ ਇਹ ਹੁਕਮ ਦੇ ਕੇ ਆਪ ਸਿੰਧ ਨੂੰ ਚਲਾ ਗਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿਤੇ ਜਾਣ ਵਾਲੇ ਤਸੀਹੇ ਆਪ ਵੇਖਣ ਦੀ ਜੁਰਅਤ ਨਾ ਕਰ ਸਕਿਆ।

ਮੁਰਤਜ਼ਾ ਖ਼ਾਂ ਨੇ ਗੁਰੂ ਪਾਤਸ਼ਾਹ ਨੂੰ ਚੰਦੂ ਦੇ ਹਵਾਲੇ ਕਰ ਦਿਤਾ ਅਤੇ ਚੰਦੂ ਨੇ ਆਪਣੀ ਕਿੜ ਕਢਣ ਲਈ, ਆਪਣੇ ਵੈਰ ਦਾ ਬਦਲਾ ਲੈਣ ਲਈ ਜੋ ਜੋ ਭਿਆਨਕ ਜ਼ੁਲਮ ਕੀਤੇ ਤੇ ਤਸੀਹੇ ਦਿਤੇ, ਉਹ ਇਤਿਹਾਸ ਵਿਚ ਸਦਾ ਖ਼ੂਨ ਨਾਲ ਰੰਗੇ ਰਹਿਣਗੇ। ਦੇਗ ਵਿਚ ਉਬਾਲਿਆ ਗਿਆ, ਨੰਗੇ ਪਿੰਡੇ ਤੇ ਸੜਦੀ ਬਲਦੀ ਰੇਤ ਦੇ ਕੜਛੇ ਪਾਏ ਗਏ, ਅੱਗ ਵਾਂਗ ਭਖਦੀ ਲੋਹ ਤੇ ਬਿਠਾਇਆ ਗਿਆ ਅਤੇ ਫਿਰ ਰਾਵੀ ਦਰਿਆ ਵਿਚ ਸੁਟਿਆ ਗਿਆ।

'ਜੋਤਿ ਰੂਪ ਹਰਿ ਆਪਿ' ਅਤੇ 'ਗੁਰੁ ਅਰਜੁਨ ਪਰਤਖ੍ਹ ਹਰਿ' ਦੇ ਸਰੀਰ ਰੂਪੀ ਚੋਲੇ ਨੂੰ ਜ਼ਾਲਮਾਂ ਵਲੋਂ ਦਿਤੇ ਜਾ ਰਹੇ ਇਹ ਭਿਆਨਕ ਕਸ਼ਟ ਤਸੀਹੇ ਸਾਨੂੰ ਜ਼ਰੂਰ ਕੰਬਾ ਦੇਂਦੇ ਹਨ, ਪਰ ਜਿਹੜੇ ਸਤਿਗੁਰੂ ਜੀ 'ਪਰਮ ਅਤੀਤ ਪਰਮੇਸੁਰ ਕੈ ਰੰਗਿ ਰੰਗ੍ਯ੍ਯੌ' ਅਤੇ 'ਬਾਸੁਰ ਰਯਨਿ ਜਾ ਕੌ ਹਿਤੁ ਨਾਮ ਸਿਉ' ਜਿਨ੍ਹਾਂ ਦੀ ਲਿਵ ਅਕਾਲ ਪੁਰਖ ਨਾਲ ਇਕ-ਸੁਰ ਹੋਇ ਰਹੀ ਹੈ, ਤਤੀ ਤਵੀ, ਭੁਖਦੀ ਰੇਤ ਤੇ ਉਬਲਦੀ ਦੇਗ ਵਿਚ ਵੀ ਲਿਵ ਨਹੀਂ ਟੁਟੀ, ਉਨ੍ਹਾਂ ਦੀ ਮਹਾਨ ਆਤਮਾ ਉਚੇ ਸੱਚੇ ਸੁਖ ਵਿਚ ਸਮੋਈ ਹੋਈ ਹੈ, ਉਥੇ ਅਗਨੀ ਵਿਚਾਰੀ ਤਾਂ ਆਪ, ਗੁਰੂ ਕੇ ਚਰਨ ਪਰਸ ਕੇ ਠੰਢ ਪ੍ਰਾਪਤ ਕਰ ਸਕਦੀ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਇਸ ਦਸ਼ਾ ਦਾ ਜ਼ਿਕਰ ਕਰਦਿਆਂ ਲਿਖਦੇ ਹਨ—

"ਦੁਖ ਸੁਖ ਰਹਿਤ ਬ੍ਰਹਮ ਗਿਆਨੀ ਸਤਿਗੁਰੂ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਹਿਮਨੁਮਾ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਜ-ਭੂਤਕ ਦਹੀ ਦੇ ਕਾਰਨ ਦੁਖਾਂ ਦਾ ਨਕਸ਼ਾ ਬੰਨ੍ਹਿ ਬੰਨ੍ਹਿ ਹੀ ਲੇਖ-ਪੜ੍ਹਾਕੂਆਂ ਦੇ ਦਿਲਾਂ ਨੂੰ ਦ੍ਰਵੀਭੂਤ ਕਰਾਉਂਦੇ ਹਨ। ਪਬ ਓਥੇ ਦੁਖ-ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ ਪਾਰਬ੍ਰਹਮ ਅਕਾਲ ਮੂਰਤੀ ਨਿਰੰਕਾਰੀ ਆਕਾਰ ਹੋਵੇ। ਸਤਿਗੁਰੂ ਦੇ ਸਰੀਰ ਉਤੇ ਛਾਲੇ ਕੀ ਪੈਣੇ ਸੀ, ਇਹ ਅਸਾਡੇ ਹੀ ਦਿਲ ਦੇ ਫਫੋਲੇ ਅਸਾਡੇ ਦਿਲ ਦੀ ਅੱਗ ਨਾਲ ਜਲ ਉਠਦੇ ਹਨ। ਸਾਨੂੰ ਤਾਂ ਗੁਰਬਾਣੀ ਇਹ ਦ੍ਰਿੜ੍ਹਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ ਹੀਅੜੇ ਅੰਦਰਿ ਗੁਰੂ ਕਾ ਗਾਰੜ ਮੰਤ੍ਰੀ ਸ਼ਬਦ ਬਚਨ ਬਸਿਆ ਹੈ, ਉਹ ਜਨ ਨਾ ਹੀ ਜਲ ਵਿਚ ਡੁਬ ਸਕਦੇ ਹਨ ਅਤੇ ਨਾ ਹੀ ਅੱਗ ਵਿਚ ਸੜ ਸਕਦੇ ਹਨ ਅਤੇ ਉਨ੍ਹਾਂ ਦੇ ਸਰੀਰ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਦਗਾਉ ਪੋਹ ਨਹੀਂ ਸਕਦਾ। ਤੇਲ ਦੇ ਤੱਤੇ ਕੜਾਹੇ ਵਿਚਿ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਭਾਰਿਆ ? ਗੁਰੂ ਕੇ ਸ਼ਬਦ ਨੇ। ਇਕ ਛਾਲਾ ਭੀ ਨਹੀਂ ਪੈਣ ਦਿਤਾ, ਸਗੋਂ ਤੱਤਾ ਕੜਾਹਾ ਹੀ ਠੰਢਾ ਪੈ ਗਿਆ।

**ਗੁਰਬਾਣੀ ਰਹਿਤਨਾਮਾ**— ਸਿੱਖੀ ਰਹਿਤ ਲਈ ਸਹੀ ਸੋਧ ਕੇਵਲ ਗੁਰਬਾਣੀ ਦੇ ਸਕਦੀ ਹੈ। ਰਹਿਤ ਮਰਯਾਦਾ ਨੂੰ ਗੁਰਬਾਣੀ ਦੀ ਸੋਧ ਵਿਚ ਸਮਝਣ ਲਈ ਇਹ ਟ੍ਰੈਕਟ ਪੜ੍ਹੋ। ਭੇਟਾ ੦—੫੦

www.AKJ.Org

# ਸਿੱਖ ਸ਼ਹੀਦ–ਬੱਬਰ ਅਕਾਲੀ

[ਸ: ਦਲਵਿੰਦਰ ਸਿੰਘ ਜੀ (ਗਰੇਵਾਲ) ]

ਆਜ਼ਾਦੀ ਦੀਆਂ ਲਹਿਰਾਂ ਦੇ ਰੰਗ ਬਦਲ ਗਏ, ਪਰ ਇਰਾਦਾ ਸੇਧ ਇਕੋ ਸੀ 'ਆਜ਼ਾਦੀ', 'ਜਬਰ ਤੋਂ ਛੁਟਕਾਰਾ', 'ਸਰਬੱਤ ਦਾ ਭਲਾ' । ਜੋ ਦੂਜੇ ਦਹਾਕੇ ਵਿਚ ਬੱਬਰ ਅਕਾਲੀ ਲਹਿਰ ਵੀ ਇਕ ਜ਼ਬਰਦਸਤ ਲਹਿਰ ਸੀ, ਜਿਸ ਨੇ ਅੰਗਰੇਜ਼ੀ ਰਾਜ ਦੀਆਂ ਨੀਹਾਂ ਹਿਲਾ ਦਿਤੀਆਂ । ਸਥਾਨਕ ਸਰਕਾਰ ਨੂੰ ਨਕਾਰਾ ਬਣਾ ਦਿਤਾ ਤੇ ਇਕ ਤਰ੍ਹਾਂ ਨਾਲ ਦੁਆਬੇ ਦੇ ਇਲਾਕੇ ਨੂੰ ਆਜ਼ਾਦ ਵਾਤਾਵਰਣ ਦਿੱਤਾ ।

ਬੱਬਰ ਸਿੰਘਾਂ ਦੇ ਇਰਾਦੇ ੬ ਮਾਰਚ ੧੯੨੫ ਦੇ ਅਕਾਲੀ ਪ੍ਰਦੇਸੀ ਵਿਚ ਛਪੇ ਉਨ੍ਹਾਂ ਦੇ ਮੁਕੱਦਮੇ ਦੇ ਬਿਆਨ ਤੋਂ ਜ਼ਾਹਿਰ ਹੁੰਦੇ ਹਨ, "ਅਸੀਂ ਜੋ ਕੁਝ ਕੀਤਾ ਹੈ, ਆਪਣੀ ਜਾਨ ਬਚਾਉਣ ਲਈ ਨਹੀਂ ਕੀਤਾ, ਅਸਾਂ ਪੰਥ ਦੇ ਵੈਰੀਆਂ, ਘਾਤੀਆਂ ਤੇ ਦੋਖੀਆਂ ਦਾ ਸੁਧਾਰ ਕੀਤਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਵਾਲਾ ਸ਼ਾਂਤਮਈ ਜੰਗ ਹੀ ਸਾਡੇ ਭਰਾ ਕਰ ਰਹੇ ਸਨ । ਲੋੜ ਪੈਣ ਤੇ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਵਾਲਾ ਜੰਗ ਕੀਤਾ ਹੈ, ਅਸੀਂ ਕੋਈ ਸਿੱਖ ਧਰਮ ਤੋਂ ਉਲਟ ਗੱਲ ਨਹੀਂ ਕੀਤੀ । ਜਦ ਸਾਡੇ ਗੁਰੂਆਂ ਨੇ ਜਾਨ ਦੀ ਪ੍ਰਵਾਹ ਨਹੀਂ ਕੀਤੀ ਤਦ ਸਾਨੂੰ ਮੌਤ ਦੀ ਕੀ ਪ੍ਰਵਾਹ ਹੋ ਸਕਦੀ ਹੈ ।"

ਪਹਿਲਾਂ ਮੁੱਠੀ ਭਰ ਸਿੰਘਾਂ ਨੇ ਮੁਗਲਾਂ ਦਾ ਟਾਕਰਾ ਕੀਤਾ ਸੀ, ਜਿਸ ਦੀ ਉਦਾਹਰਣ ਬੱਬਰ ਅਕਾਲੀ ਸਿੰਘਾਂ ਨੇਂ ਦੁਹਰਾਈ । ਗੋਰੇ, ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ, ਬੱਬਰ ਅਕਾਲੀਆਂ ਸਾਹਮਣੇ ਆਉਣੋਂ ਡਰਦੇ ਸਨ, ਉਸੇ ਤਰ੍ਹਾਂ ਜਿਵੇਂ ਅਹਿਮਦ ਸ਼ਾਹ ਸਿੰਘਾਂ ਤੋਂ ਡਰਦਾ ਕਾਬਲ ਭੱਜ ਗਿਆ ਸੀ ।

ਮਲੇਰਕੋਟਲੇ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਗੁਰੂ ਕੇ ਬਾਗ ਦਾ ਮੋਰਚਾ, ਜਲ੍ਹਿਆਂ ਵਾਲੇ ਬਾਗ ਦਾ ਦੁਖਾਂਤ, ਸਭ ਸ਼ਾਂਤਮਈ ਢੰਗਾਂ ਨਾਲ ਕੀਤੇ ਗਏ ਵਿਰੋਧ ਸਨ, ਜਿਨ੍ਹਾਂ ਦਾ ਉਤਨਾ ਅਸਰ ਪ੍ਰਗਟ ਨਹੀਂ ਸੀ ਹੋ ਰਿਹਾ ਜਿਤਨਾ ਨੁਕਸਾਨ ਹੋਇਆ ਸੀ. ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਬੱਬਰ ਅਕਾਲੀਆਂ ਨੇ ਸ਼ਾਂਤੀ ਨਾਲ ਕੁਝ ਨਾ ਹੁੰਦਾ ਵੇਖ, ਹਥਿਆਰਾਂ ਦਾ ਜੰਗ ਲਾ ਲਿਆ । ਜਿਸ ਤਰੀਕੇ ਨਾਲ ਅੰਗਰੇਜ਼ਾਂ ਨੇ ਸਿੱਖਾਂ ਕੋਲੋਂ ਰਾਜ ਹਥਿਆਇਆ ਸੀ, ਉਹ ਸਿੰਘਾਂ ਦੀ ਹਿੱਕ ਵਿਚ ਸੁਲਗਦਾ ਅੰਗਿਆਰਾ ਛੱਡ ਗਿਆ ਸੀ । ਹਵਾ ਲੱਗਣ ਨਾਲ ਇਹ ਅੰਗਿਆਰਾ ਮੱਘਦਾ ਮੱਘਦਾ ਤੇਜ਼ ਲਾਂਬੂ ਬਣ ਗਿਆ, ਜੋ ਪਿੱਛੋਂ ਬੱਬਰ ਅਕਾਲੀ ਲਹਿਰ ਦੇ ਨਾਂ ਨਾਲ ਪ੍ਰਸਿਧ ਹੋਇਆ । ਹਵਾ ਦੇਣ ਵਾਲੇ ਸੰਨ ੧੮੭੧ ਵਿਚ ਨਾਮਧਾਰੀ ਸ਼ਹੀਦ, ਸ: ਅਜੀਤ ਸਿੰਘ ਦੀ ਕਿਸਾਨ ਲਹਿਰ ਤੇ ਪਗੜੀ ਸੰਭਾਲ ਜੱਟਾ ਦਾ ਨਾਹਰਾ, ੧੯੧੧ ਦੀ ਗੁਰਦੁਆਰਾ ਰਕਾਬ ਗੰਜ ਦੀ ਕੰਧ ਤੋੜੇ ਜਾਣ ਪਿੱਛੋਂ ਛਿੜੀ ਲਹਿਰ, ੧੯੧੪ ਦਾ ਕਾਮਾਗਾਟਾ ਮਾਰੂ ਦਾ ਦੁਖਾਂਤ, ੧੯੧੯ ਦਾ ਵਿਸਾਖੀ ਦਾ ਸਾਕਾ, ਇਸੇ ਵੇਲੇ ਦੇ ਗ਼ਦਰੀ ਬਾਬਿਆਂ ਦੀ ਲਹਿਰ, ੨੯ ਜਨਵਰੀ ੧੯੨੦ ਦਾ ਤਰਨਤਾਰਨ ਦਾ ਸਾਕਾ ਤੇ ੨੧ ਫ਼ਰਵਰੀ ੧੯੨੧ ਦਾ ਨਨਕਾਣੇ ਦਾ ਸਾਕਾ । ਨਨਕਾਣੇ ਦੇ ਸਾਕੇ ਦਾ ਬਦਲਾ ਲੈਣ ਲਈ ਸਿੰਘਾਂ ਵਿਚ ਬੜਾ ਰੋਸ ਸੀ । ਇਹ ਰੋਸ ੧੯-੨੦-੨੧ ਮਾਰਚ ੧੯੨੧ ਨੂੰ ਹੁਸ਼ਿਆਰਪੁਰ ਵਿਚ ਹੋਈ ਐਜੂਕੇਸ਼ਨਲ ਕਾਨਫਰੰਸ ਵਿਚ ਸਾਹਮਣੇ ਆਇਆ, ਜਿਸ ਵਿਚ ਗਰਮ ਖ਼ਿਆਲੀ ਸਿੰਘਾਂ ਨੇ ਨਰਮ ਖ਼ਿਆਲੀਆਂ ਨਾਲ ਚਲਣੋਂ ਇਨਕਾਰ ਕਰ ਦਿਤਾ ਤੇ ਵੱਖ ਧੜਾ ਬਣਾ ਲਿਆ । "ਜਦੋਂ ਜ਼ੁਲਮ ਹਦੋਂ ਵਧ ਜਾਂਦਾ ਹੈ ਤਾਂ ਤਲਵਾਰ ਚੁੱਕਣੀ ਨਾਜਾਇਜ਼ ਨਹੀਂ ਹੁੰਦੀ" ਇਹੋ ਸਮਝ ਇਨ੍ਹਾਂ ਵੱਖ ਹੋਏ ਸਿੰਘਾਂ ਨਨਕਾਣਾ ਸਾਹਿਬ ਦੇ ਸਾਕੇ ਲਈ ਜ਼ਿੰਮੇਵਾਰ ਮਹੰਤ ਨਾਰਾਇਣ ਦਾਸ ਤੇ ਪੁਲਿਸ ਸੁਪ੍ਰੰਟੈਂਡੈਂਟ ਬਾਉਰਿੰਗ ਨੂੰ ਕਤਲ ਦੀ ਯੋਜਨਾ ਬਣਾਈ । ਬਾਉਰਿੰਗ ਦੇ ਕਤਲ ਦੀ ਜ਼ਿੰਮੇਵਾਰੀ ਸਰਦਾਰ ਬੇਲਾ ਸਿੰਘ ਤੇ ਗੰਡਾ ਸਿੰਘ ਨੂੰ ਮਿਲੀ, ਜਿਸ ਲਈ ਹਥਿਆਰ ਤੇ ਬੰਬ ਤੋਤਾ ਸਿੰਘ ਪਿਸ਼ਾਵਰੀ ਨੇ ਸਰਹੱਦੋਂ ਪ੍ਰਾਪਤ ਕੀਤੇ ਤੇ ਸਤ ਰਿਵਾਲਵਰ ਅੰਬਾਲਾ ਛਾਉਣੀ ਦੇ ਅਸਲਾਖ਼ਾਨੇ ਵਿਚੋਂ ਕਾਬੂ ਕੀਤੇ ਗਏ । ਪਰ ਹਮਲਾ ਕਰਨ ਗਏ ਦੋਨੋਂ ਬਾਉਰਿੰਗ ਦੀ ਕੋਠੀ ਫੜੇ ਗਏ, ਜਿਸ ਪਿਛੋਂ ਉਨ੍ਹਾਂ ਨੇ ਜੁਰਮ ਇਕਬਾਲ ਕਰ ਲਿਆ, ਜਿਸ ਤੇ ਤੋਤਾ ਸ਼ਿੰਘ, ਬੇਲਾ ਸ਼ਿੰਘ, ਗੰਡਾ ਸਿੰਘ



www.AKJ.Org

ਤਿੰਨਾਂ ਨੂੰ ਕੈਦ ਹੋਈ । ਸਰਦਾਰ ਕਿਸ਼ਨ ਸਿੰਘ, ਮਾਸਟਰ ਮੋਤਾ ਸਿੰਘ ਤੇ ਚਾਰ ਹੋਰ ਸਿੰਘਾਂ ਦੇ ਵਾਰੰਟ ਵੀ ਨਿਕਲੇ, ਪਰ ਉਹ ਫ਼ਰਾਰ ਹੋ ਗਏ ।

ਇਨ੍ਹਾਂ ਵਿਚੋਂ ਸਰਦਾਰ ਕਿਸ਼ਨ ਸਿੰਘ ਨੇ ਦਿਲੋਂ ਪੱਕੀ ਧਾਰ ਲਈ ਕਿ ਉਹ ਅੰਗਰੇਜ਼ਾਂ ਨਾਲ ਲੜਦੇ ਰਹਿਣਗੇ। ਆਪ ਪਿੰਡ ਬੜਿੰਗ ਜ਼ਿਲਾ ਜਲੰਧਰ ਵਿਚ ਸ੍ਰ ਫਤਹਿ ਸਿੰਘ ਦੇ ਘਰ ਪੈਦਾ ਹੋਏ । ਮਾਤਾ ਪਿਤਾ ਦੇ ਇਕਲੌਤੇ ਪੁੱਤਰ ਸਨ। ਆਪ ੩੫ ਨੇਟਿਵ ਇੰਨਫੈਂਨਰੀ ਵਿਚ ਭਰਤੀ ਹੋਏ ਤੇ ਇਥੇ ਹੀ ਪੰਦਰ੍ਹਾਂ ਸਾਲ ਨੌਕਰੀ ਕਰਦੇ ਸਿਪਾਹੀ ਤੋਂ ਹੌਲਦਾਰ ਮੇਜਰ ਦੇ ਅਹੁਦੇ ਤਕ ਪਹੁੰਚ ਗਏ । ਸਮੇਂ ਤੇ ਹਾਲਾਤ ਨੇ ਰਾਹ ਵਿਖਾਇਆ ਤਾਂ ਆਪ ਨੂੰ ਅੰਗਰੇਜ਼ਾਂ ਵਿਰੁਧ ਨਫ਼ਰਤ ਹੋਣ ਲੱਗ ਪਈ, ਜਿਸ ਕਰਕੇ ਆਪ ਨੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਖੁਲ੍ਹਮ-ਖੁਲ੍ਹਾ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਇਨ੍ਹੀਂ ਦਿਨੀਂ ਪੰਜਾਬ ਵਿਚ ਵੀ ਹਾਲਾਤ ਵਿਗੜੇ ਹੋਏ ਸਨ, ਜਿਸ ਕਰਕੇ ਪੰਜਾਬ ਵਿਚ ਮਾਰਸ਼ਲ-ਲਾਅ ਲੱਗਿਆ ਹੋਇਆ ਸੀ, ਇਸ ਨੇ ਵੀ ਆਪ ਨੂੰ ਬੜਾ ਦੁਖ ਦਿਤਾ । ਇਸ ਬਾਰੇ ਵੀ ਉਨ੍ਹਾਂ ਨੇ ਪਲਟਨ ਗੁਰਦੁਆਰੇ ਵਿਚ ਭਰਵਾ ਲੈਕਚਰ ਦਿਤਾ, ਜਿਸ ਕਰਕੇ ਉਨ੍ਹਾਂ ਦਾ ਕੋਰਟ ਮਾਰਸ਼ਲ ਕਰ ਦਿਤਾ ਗਿਆ ਤੇ ੨੧ ਦਿਨ ਦੀ ਸਜ਼ਾ ਦਿਤੀ ਗਈ । ਸਜ਼ਾ ਕੱਟਣ ਪਿੱਛੋਂ ਆਪ ਨੇ ਫ਼ੋਜ ਵਿਚੋਂ ਅਸਤੀਫ਼ਾ ਦੇ ਦਿਤਾ ਤੇ ਆਪਣੀ ਤਰੱਕੀ (ਜਮਾਦਾਰ ਲਈ ਨੂੰ ਵੀ ਠੁਕਰਾ ਦਿਤਾ। ਆਪ ਗੁਰੂ ਦੇ ਸੱਚੇ ਸਿੰਘ ਸਨ ਤੇ ਅਕਾਲੀ ਲਹਿਰ ਨਾਲ ਲਗਾਉ ਵੀ ਰੱਖਦੇ ਸਨ; ਇਸ ਲਈ ਆਪ ਨਾਵਾਂ ਕਟਾਓਣ ਪਿੱਛੋਂ ਸ਼੍ਰੋ: ਅ: ਦਲ ਵਿਚ ਭਰਤੀ ਹੋ ਗਏ, ਜਿਸ ਦੇ ਆਪ ਜਨਰਲ ਸਕੱਤਰ ਬਣਾਏ ਰਏ। ਅਕਾਲੀ ਲਹਿਰ ਦਾ ਜਿਥੋਂ ਤਕ ਧਰਮ ਤੇ ਆਜ਼ਾਦੀ ਤਕ ਦਾ ਸੰਬੰਧ ਸੀ, ਸਰਦਾਰ ਕਿਸ਼ਨ ਸਿੰਘ ਬੜੇ ਮੁਤਫ਼ਿਕ ਸਨ, ਪਰ ਪਹਿਲਾਂ ਹੋਇਆਂ ਸਾਕਿਆਂ ਕਾਰਨ ਆਪ ਜੀ ਦਾ ਨਿਸ਼ਚਾ ਸ਼ਾਂਤਮਈ ਅਸੂਲਾਂ ਤੇ ਨਾ ਰਿਹਾ। ਉਪਰੋਕਤ ਹੁਸ਼ਿਆਰਪੁਰ ਅਕਾਲੀ ਸਾਜ਼ਿਸ਼ ਕੇਸ ਵਿਚ ਜਦ ਆਪ ਦੇ ਵਰੰਟ ਨਿਕਲੇ ਤੇ ਆਪ ਫ਼ਰਾਰ ਹੋਏ ਤਾਂ ਆਪ ਨੇ ਆਪਣਾ ਜੱਥਾ ਤਿਆਰ ਕਰ ਲਿਆ, ਜੋ ਪਿੱਛੋਂ ਚਕਰਵਰਤੀ ਜੱਥੇ ਦੇ ਨਾਮ ਨਾਲ ਪ੍ਰਸਿਧ ਹੋਇਆ। ਇਸ ਦਾ ਮੁਖ ਇਰਾਦਾ ਸੀ ਆਜ਼ਾਦੀ, ਜਿਸ ਲਈ ਉਹ ਸਰਕਾਰ ਵਿਰੁਧ ਪ੍ਰਚਾਰ ਕਰਦੇ ਤੇ ਲੋੜ ਪੈਣ ਤੇ ਹਥਿਆਰਾਂ ਦੀ ਵੀ ਵਰਤੋਂ ਕਰਦੇ। ਆਪ ਬੜੇ ਧੜੱਲੇਦਾਰ ਪ੍ਰਚਾਰਕ ਸਨ ਅਤੇ ਆਪਣੇ ਪ੍ਰਚਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ" ਸੁਣਾਉਂਦੇ। ਇਸ ਵਾਕ ਦੇ ਭਾਵ ਇਉਂ ਹਨ, 'ਜਦ ਸਾਰੇ ਹੀਲੇ ਖ਼ਤਮ ਹੋ ਜਾਣ ਤਾਂ ਤਲਵਾਰ ਨੂੰ ਹੱਥ ਪਾਉਣਾ ਜਾਇਜ਼ ਹੈ।" ਗੂੰਜਵੇਂ ਬੋਲ ਕਰਕੇ ਆਪ ਦਾ ਨਾਮ ਗੜਗੱਜ ਵੀ ਪ੍ਰਸਿੱਧ ਹੋ ਗਿਆ।

ਸ: ਕਿਸ਼ਨ ਸਿੰਘ ਦੇ ਨਿਘੇ ਮਿੱਤਰਾਂ ਸੰਤ ਕਰਤਾਰ ਸਿੰਘ ਤੇ ਬੇਲਾ ਸਿੰਘ ਪ੍ਰਾਗਪੁਰੀਏ ਨੇ ਆਪ ਜੀ ਦੀ ਮਫ਼ਰੂਰੀ ਵੇਲੇ ਬੜੀ ਮਦਦ ਕੀਤੀ । ਸੰਤ ਕਰਤਾਰ ਸਿੰਘ ਜੋ ਪੰਜ ਛੇ ਸਾਲਾਂ ਤੋਂ ਹੀ ਸਿੰਘ ਸਜੇ ਸਨ (ਪਹਿਲਾ ਨਾਮ ਸ਼ਰਫ ਦੀਨ ਸੀ), ਉਨ੍ਹਾਂ ਨੂੰ ਜਦ ਸ: ਕਿਸ਼ਨ ਸਿੰਘ ਨੇ ਚਕਰਵਰਤੀ ਜੱਥੇ ਦੀ ਯੋਜਨਾ ਬਾਰੇ ਸਮਝਾਇਆ ਤਾਂ ਉਹ ਵੀ ਉਨ੍ਹਾਂ ਨਾਲ ਮਿਲ ਗਏ । ਪ੍ਰਾਗਪੁਰ ਦੇ ਕੋਲ ਹੀ ਇਕ ਕੁਟੀਆ ਬਣਾ ਕੇ ਕੁਝ ਚਿਰ ਇਹ ਇਥੇ ਟਿਕੇ, ਪਰ ਫਿਰ ਮਾਲਵੇ ਵਲ ਪ੍ਰਚਾਰ ਲਈ ਨਿਕਲ ਗਏ । ਇਕ ਵਾਰ ਅਕਤੂਬਰ ੧੯੨੧ ਵਿਚ ਆਪ ਫਗਵਾੜੇ ਪ੍ਰਚਾਰ ਕਰ ਰਹੇ ਸਨ ਤਾਂ ਸਿੱਖ ਪਲਟਨ ਦੇ ਇਕ ਕਲਰਕ ਬਾਬੂ ਸੰਤਾ ਸਿੰਘ ਇਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ, ਜਿਨ੍ਹਾਂ ਨੂੰ ਪਲਟਨ ਵਿਚ ਰਹਿ ਕੇ ਪ੍ਰਚਾਰ ਕਰਨ ਦਾ ਕੰਮ ਸੌਂਪਿਆ ਗਿਆ।

ਚਕਰਵਰਤੀ ਜੱਥੇ ਦੇ ਪ੍ਰਚਾਰ ਪਿੱਛੋਂ ਦੁਆਬੇ ਵਿਚ ਬੜਾ ਉਤਸ਼ਾਹ ਫੈਲ ਗਿਆ। ਨਵੰਬਰ ੧੯੨੧ ਵਿਚ ਗੁੜਕਾ ਕਲਾਂ ਜ਼ਿਲਾ ਜਲੰਧਰ ਵਿਚ ਭਾਰੀ ਕਾਨਫ਼ਰੰਸ ਕੀਤੀ ਗਈ । ਪੁਲਸ ਦੀ ਧਾੜ ਇਸ ਮੌਕੇ ਤੇ ਮੌਜੂਦ ਸੀ। ਇਸ ਕਰਕੇ ਜਥੇਦਾਰ ਸਾਹਿਬ ਆਪ ਇਸ ਕਾਨਫ਼ਰੰਸ ਵਿਚ ਨਾ ਜਾ ਸਕੇ, ਪਰ ਜੰਡਿਆਲੇ ਬੈਠ ਕੇ ਹਦਾਇਤਾਂ ਭੇਜਦੇ ਰਹੇ। ਆਪ ਦੇ ਇਕ ਸਾਥੀ ਭਾਈ ਸੁੰਦਰ ਸਿੰਘ ਮਖਸੂਸਪੁਰੀ ਨੇ ਆਪ ਦੇ ਖ਼ਿਆਲਾਂ ਦਾ ਪ੍ਰਚਾਰ ਕੀਤਾ ਤੇ ਬਚ ਕੇ ਵੀ ਨਿਕਲ ਗਿਆ। ਇਸ ਪਿੱਛੋਂ ਹੀ ਆਪ ਨੇ ਮਖਸੂਸਪੁਰੀ ਤੇ ਕਰਮ ਸਿੰਘ ਧਿੰਗਣ ਨਾਲ ਸਲਾਹ ਕਰ ਕੇ ਚਕਰਵਰਤੀ ਜੱਥੇ ਦੇ ਨਵੇਂ ਕਾਰਜ ਦਾ ਐਲਾਨ ਕਰ ਦਿਤਾ।



www.AKJ.Org

ਇਹ ਤਿੰਨੇਂ ਪਿੰਡੋ ਪਿੰਡ ਪ੍ਰਚਾਰ ਕਰਨ ਜਾਂਦੇ, ਪਿੱਛੇ ਪਿੱਛੇ ਪੁਲਿਸ ਹੁੰਦੀ। ਕਰਮ ਸਿੰਘ ਦੌਲਤਪੁਰ, ਆਸਾ ਸਿੰਘ, ਦਲੀਪ ਸਿੰਘ ਗੋਸਲ, ਆਤਮਾ ਸਿੰਘ ਬੀਕਾ ਆਦਿ ਹੋਰ ਸੱਜਣ ਵੀ ਆਪ ਦੇ ਨਾਲ ਪ੍ਰਚਾਰ ਵਿਚ ਸ਼ਾਮਲ ਹੋ ਗਏ। ਸਰਕਾਰ ਨੂੰ ਪਤਾ ਲਗਿਆ ਤਾਂ ਸਭ ਦੇ ਵਾਰੰਟ ਗ੍ਰਿਫ਼ਤਾਰੀ ਕੱਢ ਦਿੱਤੇ ਗਏ। ਪਰ ਇਹਨਾਂ ਵਿਚੋਂ ਕੋਈ ਹੱਥ ਨਾ ਆਉਂਦਾ, ਸਭ ਦਿਨ ਰਾਤ ਇਕ ਕਰਕੇ ਆਪਣੇ ਪ੍ਰਚਾਰ ਦੀ ਡਿਊਟੀ ਨਿਭਾਉਂਦੇ।

ਅੰਗਰੇਜ਼ ਸਰਕਾਰ ਚਕਰਵਰਤੀ ਜੱਥੇ ਦੇ ਇਸ ਪ੍ਰਚਾਰ ਤੋਂ ਬਹੁਤ ਪ੍ਰੇਸ਼ਾਨ ਹੋਈ। ਸੱਤਾਂ ਮੁਖੀਆਂ ਦੇ ਵਰੰਟ ਤਾਂ ਪਹਿਲਾਂ ਹੀ ਜਾਰੀ ਹੋ ਚੁਕੇ ਸਨ, ਬਾਕੀ ਪ੍ਰਚਾਰਕਾਂ ਦੇ ਨਾਂ ਵੀ ਜਾਰੀ ਹੋ ਗਏ। ਸਰਕਾਰ ਸਮਝਦੀ ਸੀ ਵਾਰੰਟ ਇਨ੍ਹਾਂ ਨੂੰ ਚੁਪ ਕਰਵਾ ਦੇਣਗੇ, ਪਰ ਗੱਲ ਹੋਈ ਇਸਦੇ ਉਲਟ। ਇਨ੍ਹਾਂ ਪ੍ਰਚਾਰਕਾਂ ਨੇ ਤਾਂ ਰੋਜ਼ ਹੀ ਦੀਵਾਨ ਲਾਉਣੇ ਸ਼ੁਰੂ ਕਰ ਦਿਤੇ। ਸਰਕਾਰ ਨੇ ਸੂਹੀਏ ਛੱਡੇ ਤ ਆਪਣੇ ਏਜੰਟਾਂ ਜ਼ੈਲਦਾਰਾਂ ਨੰਬਰਦਾਰਾਂ ਆਦਿ ਨੂੰ ਇਨ੍ਹਾਂ ਦੇ ਵਿਰੁਧ ਰਿਪੋਰਟਾਂ ਲਿਖਾਉਣ ਤੇ ਲੋਕਾਂ ਨੂੰ ਇਨ੍ਹਾਂ ਵਿਰੁਧ ਕਰਨ ਲਈ ਕਿਹਾ। ਖ਼ੁਦ ਵੀ ਜਲੂਸ ਜਲਸੇ ਕਰ ਕੇ ਸਰਕਾਰ ਦੇ ਪੱਖ ਤੇ ਬੱਬਰਾਂ ਦੇ ਵਿਰੁਧ ਪ੍ਰਚਾਰ ਜਾਰੀ ਕੀਤਾ, ਜੋ ਲੋਕਾਂ ਦੇ ਵਿਚ ਨਾ ਬੈਠਿਆ। ਬਾਅਦ ਵਿਚ ਸਰਕਾਰੀਆਂ ਨੇ ਨਕਲਾ ਨਾਚ ਤੇ ਮਿਠਾਈਆਂ ਰਾਹੀਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿਤਾ, ਪਰ ਲੋਕ ਸਿਆਣੇ ਹੋ ਗਏ, ਖਾ ਕੇ ਖਿਸ਼ਕ ਜਾਂਦੇ।

ਚਕਰਵਰਤੀ ਜੱਥਾ ਵੀ ਅਵੇਸਲਾ ਨਹੀਂ ਸੀ। ਉਨ੍ਹਾਂ ਨੇ ਹੋਰ ਪੁੱਠੀ ਪਾਈ, ਇਕ ਵਾਰ ਧੰਨੋਵਾਲੀ ਵਿਚ ਵੀਹ ਬਾਈ ਪਿੰਡਾਂ ਦਾ ਸਰਕਾਰੀਆਂ ਦਾ ਕੀਤਾ ਇਕੱਠ ਸੀ ਕਿ ਸ: ਕਿਸ਼ਨ ਸਿੰਘ ਆਪਣੇ ਤਿੰਨ ਹੋਰ ਸਾਥੀਆਂ ਨਾਲ ਸਟੇਜ ਤੇ ਆ ਚੜ੍ਹੇ ਤੇ ਝੋਲੀ-ਚੁੱਕਾਂ ਨੂੰ ਗ੍ਰਿਫ਼ਤਾਰ ਕਰਨ ਲਈ ਵੰਗਾਰਿਆ, ਪੁਲਸ ਦਬਕ ਗਈ। ਆਪ ਆਪਣਾ ਲੈਕਚਰ ਦੇ ਕੇ ਮੋਟਰ ਵਿਚ ਬੈਠ ਕੇ ਚਲਦੇ ਬਣੇ। ਇਸੇ ਤਰ੍ਹਾਂ ਅਨੰਦਪੁਰ ਸਾਹਿਬ ਦੇ ਹੋਲੇ ਮਹਲੇ ਤੇ ਮਾਰਚ ੧੯੨੨ ਨੂੰ ਕਿਸ਼ਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਧੜੱਲੇਦਾਰ ਲੈਕਚਰ ਦਿੰਦਿਆਂ ਕਿਹਾ, "ਅਜਿਹੇ ਜ਼ੁਲਮ, ਜਬਰ ਅਤੇ ਅਤਿਆਚਾਰ ਵਿਰੁਧ ਲੜਨਾ ਹੀ ਸਿੱਖੀ ਹੈ।" ਪੁਲਿਸ ਸਟੇਜ ਵਲ ਵਧੀ ਤਾਂ ਉਨ੍ਹਾਂ ਨੇ ਕਿਰਪਾਨਾਂ ਸੂਤ ਲਈਆਂ ਤੇ ਕਿਹਾ, "ਪੁਲਿਸ ਮੈਨੂੰ ਫੜਨ ਦਾ ਇਰਾਦਾ ਰਖਦੀ ਹੈ, ਪਰ ਕਿਤੇ ਬਿੱਲੀ ਦੇ ਗਲ ਟਲ ਪਾਉਣ ਲਈ ਚੂਹਿਆਂ ਦੇ ਇਰਾਦੇ ਵਾਲੀ ਗਲ ਨਾ ਹੋਵੇ। ਮੈਨੂੰ ਜਿਸ ਫੜਨਾ ਹੈ, ਜ਼ਰਾ ਤਕੜਾ ਹੋ ਕੇ ਆਵੇ।" ਲੋਕੀ ਵੀ ਬੋਲ ਉੱਠੇ, "ਅਸੀਂ ਪੁਲਿਸ ਤੁਹਾਡੇ ਨੇੜੇ ਨਹੀਂ ਲੱਗਣ ਦਿਆਗੇ।" ਦੋ ਦੋ ਸਿਪਾਹੀਆਂ ਦੁਆਲੇ ਸੌ ਸੌ ਬੰਦੇ ਖੜ੍ਹੇ ਹੋ ਗਏ। ਪੁਲਿਸ ਹਾਰ ਕੇ ਪਿੱਛੇ ਹਟ ਗਈ। ਚਕਰਵਰਤੀ ਜੱਥੇ ਦਾ ਪੁਲਿਸ ਦੇ ਮਨਾਂ ਤੇ ਦਬਦਬਾ ਬਹੁਤ ਪੈ ਗਿਆ ਸੀ. ਉਨ੍ਹਾਂ ਨੇ ਆਪਣੇ ਟੋਡੀਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ ਕਿ ਉਹ ਇਨ੍ਹਾਂ ਜੱਥੇ ਵਾਲਿਆਂ ਨੂੰ ਫੜਾਉਣ। ਜ਼ੈਲਦਾਰਾਂ, ਨੰਬਰਦਾਰਾਂ ਨੇ ਆਮ ਸਾਧਾਰਨ ਸਿੰਘਾਂ ਨੂੰ ਫੜ ਫੜ ਥਾਣੇ ਪਹੁੰਚਾਉਣਾ ਸ਼ੁਰੂ ਕਰ ਦਿਤਾ।

ਅਪਰੈਲ ੧੯੨੨ ਦੀ ਗੱਲ ਹੈ, ਜਦ ਸਰਦਾਰ ਕਿਸ਼ਨ ਸਿੰਘ ਜੀ ਸਾਥੀਆਂ ਸਮੇਤ ਜਲੰਧਰ ਛਾਉਣੀ ਦੇ ਨੇੜੇ ਪ੍ਰਚਾਰ ਕਰ ਰਹੇ ਸਨ ਤਾਂ ਪਤਾ ਲੱਗਾ ਕਿ ਖਜੂਰਲੇ ਦੀ ਪੁਲਿਸ ਚੌਕੀ ਵਿਚ ਇਕ ਸਿੱਖ ਕਾਲੀ ਪੱਗ ਬੰਨ੍ਹਣ ਤੇ ਕਿਰਪਾਨ ਰੱਖਣ ਕਰਕੇ ਕੁੱਟਿਆ ਜਾ ਰਿਹਾ ਹੈ। ਜੱਥੇ ਦੇ ਤਿੰਨ ਬੰਦੇ ਨੰਗੀਆਂ ਕਿਰਪਾਨਾਂ ਕੱਢ ਕੇ ਪੁਲਿਸ ਚੌਕੀ ਜਾ ਕੜਕੇ, ਜਿਨ੍ਹਾਂ ਨੂੰ ਵੇਖਦਿਆਂ ਪੁਲਸੀਆ ਦੇ ਰੰਗ ਪੀਲੇ ਪੈ ਗਏ ਤੇ ਲੱਗੇ ਮਾਫ਼ੀ ਮੰਗਣ। ਜੱਥ ਦੇ ਮੈਂਬਰਾਂ ਉਨ੍ਹਾਂ ਕੋਲੋਂ ਸਿੱਖ ਦੇ ਪੈਰੀਂ ਹੱਥ ਲਵ ਇਆ ਤਾਂ ਕਿਤੇ ਜਾ ਕੇ ਜਾਨ-ਬਖਸ਼ੀ ਕੀਤੀ।

ਚਕਰਵਰਤੀ ਜੱਥੇ ਦੇ ਕਾਰਜਾਂ ਦਾ ਘੇਰਾ ਪ੍ਰਚਾਰ ਤੋਂ ਵਧ ਕੇ, ਟੋਡੀਆਂ ਨੂੰ ਸੋਧਣ ਦਾ ਬਣ ਗਿਆ। ਕਾਰਜ-ਖੇਤਰ ਵਧਿਆ, ਪਰ ਮਾਇਆ ਤੇ ਹਥਿਆਰ ਸਨ ਨਹੀਂ। ਪੈਸੇ ਉਗਰਾਹੁਣ ਲਈ ਉਨ੍ਹਾਂ ਨੇ ਬੜੇ ਉਪਰਾਲੇ ਕੀਤੇ ਤੇ ਹਥਿਆਰਾਂ ਲਈ ਫ਼ੌਜੀਆਂ ਨਾਲ ਸੰਬੰਧ ਸਥਾਪਿਤ ਕੀਤੇ। ਪ੍ਰਚਾਰ ਲਈ ਇਕ ਸਾਈਕਲੋ-ਸਟਾਈਲ ਮਸ਼ੀਨ ਵੀ ਖ਼ਰੀਦੀ ਤੇ ਖ਼ੁਫ਼ੀਆ ਪ੍ਰਚਾਰ ਹੋਰ ਤੇਜ਼ ਕਰ ਦਿਤਾ।

ਪੁਲਿਸ ਦੇ ਸੂਹੀਏ ਵੀ ਕਾਫ਼ੀ ਤੇਜ਼ ਹੋ ਗਏ। ਜੂਨ ੧੯੨੨ ਵਿਚ ਜੱਥੇ ਦੇ ਇਕ ਮੁਖੀ ਸੰਤ ਕਰਤਾਰ ਸਿੰਘ ਨੂੰ ਫੜ ਲਿਆ ਗਿਆ, ਜੋ ਪੁਲਿਸ ਅੱਗੇ ਨਿੰਵ ਗਿਆ ਤੇ ਮਿਲਵਰਤਣ ਕਰਕੇ ਹੋਰ ਬੱਬਰ ਵੀ



www.AKJ.Org

ਫੜਾ ਦਿਤੇ । ਇਸੇ ਮਹੀਨੇ ਮਾਸਟਰ ਮੋਤਾ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ, ਜਿਸ ਕਾਰਨ ਇਸ ਲਹਿਰ ਨੂੰ ਕਾਫ਼ੀ ਠੇਸ ਪਹੁੰਚੀ ।

ਅਗਸਤ ੧੯੨੨ ਵਿਚ ਜੱਥੇ ਦੇ ਆਗੂ ਇਕੱਠੇ ਹੋਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਵਰਕਿੰਗ ਕਮੇਟੀ ਬਣਾਈ, ਚੋਣ ਕੀਤੀ ਗਈ ਅਤੇ ਇਕ ਖੁਫ਼ੀਆ ਅਖ਼ਬਾਰ 'ਬੱਬਰ ਅਕਾਲੀ ਦੁਆਬਾ' ਸ਼ੁਰੂ ਕਰ ਦਿਤਾ । ਜੱਥੇ ਦਾ ਨਾਂ ਵੀ ਹੁਣ ਬੱਬਰ ਅਕਾਲੀ ਜੱਥਾ ਪੈ ਗਿਆ । ਸਾਰੇ ਮੈਂਬਰ ਆਪਣੇ ਨਾਲ ਬੱਬਰ ਦਾ ਤਖ਼ੱਲਸ ਵੀ ਵਰਤਦੇ। ਖ਼ੁਫ਼ੀਆ ਅਖ਼ਬਾਰ ਦੇ ਉੱਪਰ ਗੁਰਬਾਣੀ ਦੀ ਤੁਕ ਹੁੰਦੀ ਤੇ ਵਿਚ ਖੜਕਦੇ ਲੇਖ ਤੇ ਜੋਸ਼ੀਲੀਆਂ ਕਵਿਤਾਵਾਂ । ਛਾਪਣ ਲਈ 'ਉਡਾਰੂ ਪ੍ਰੈਸ' ਸ਼ੁਰੂ ਕੀਤਾ ਗਿਆ, ਜੋ ਗੁ: ਕਿਸ਼ਨ ਪੁਰ ਫਤਹਿਪੁਰ ਕੋਠੀ, ਜੱਸੋ ਵਾਲ, ਕੋਟ ਫਤੂਹੀ ਤੇ ਪੰਡਾਰੂ ਤੋਂ ਛਪਦਾ ।

ਸੋਧਣ ਦਾ ਤਰੀਕਾ ਪਹਿਲਾਂ ਪਹਿਲ ਨੱਕ-ਕੰਨ ਕੱਟ ਦੇਣ ਦਾ ਸੀ, ਜਿਸ ਲਈ ਬਾਬੂ ਸੰਤਾ ਸਿੰਘ ਚਾਰ ਉਸਤਰੇ ਖ਼ਰੀਦ ਲਿਆਏ, ਇਕ ਆਪਣ ਕੋਲ, ਇਕ ਜਥੇਦਾਰ ਕਿਸ਼ਨ ਸਿੰਘ ਹੋਰਾਂ ਆਪਣੇ ਕੋਲ ਰਖਿਆ ਤੇ ਬਾਕੀ ਹੋਰ ਦੋ ਸਾਥੀਆਂ ਕੋਲ । ਪਰ ਪਿੱਛੋਂ ਬੱਬਰ ਅਕਾਲੀ ਦਲ ਦਾ ਨਾਮ ਅਪਨਾਣ ਪਿੱਛੋਂ ਇਸ ਤਰ੍ਹਾਂ ਸੋਧਣ ਨੂੰ ਚੰਗਾ ਨਾ ਜਾਣਿਆ ਗਿਆ । ੩੦ ਤੇ ੩੧ ਦਸੰਬਰ ੧੯੨੨ ਵਿਚ ਹੋਈ ਮੀਟਿੰਗ ਵਿਚ ਜਥੇਦਾਰ ਕਿਸ਼ਨ ਸਿੰਘ ਹੋਰਾਂ ਨੇ ਹਦਾਇਤ ਕੀਤੀ ਕਿ 'ਝੋਲੀ-ਚੁੱਕਾਂ' ਦਾ ਖ਼ਾਤਮਾ ਕੀਤਾ ਜਾਵੇ,ਪਰ ਕਿਸੇ ਬੱਚੇ, ਬਿਰਧ ਜਾਂ ਔਰਤ ਨੂੰ ਹੱਥ ਨਾ ਲਾਇਆ ਜਾਵੇ । ਇਨ੍ਹੀਂ ਦਿਨੀਂ ਗੁਰੂ ਕੇ ਬਾਗ ਦਾ ਮੋਰਚਾ ਵੀ ਭੱਖ ਗਿਆ ਸੀ, ਜਿਸ ਵਿਚ ਸਿੰਘਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਜਾਂਦਾ । ਬੱਬਰਾਂ ਕੋਲੋਂ ਇਹ ਨਹੀਂ ਸੀ ਜਰਿਆ ਜਾਂਦਾ, ਸੋ ਜਥੇਦਾਰ ਹੋਰਾਂ ਨੇ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਇਕ ਚਿਠੀ ਵੀ ਲਿਖੀ ਤੇ ਕਿਹਾ, "ਕਿਉਂ ਐਵੇਂ ਗੁਰੂ ਕੇ ਬਾਗ ਵਿਚ ਸਿੱਖਾਂ ਦੇ ਹੱਡ ਕੁਟਵਾਉਂਦੇ ਹੋ, ਤੇ ਲੋਕਾਂ ਨੂੰ ਬੇਲੋੜੀਆਂ ਕੁਰਬਾਨੀਆਂ ਦੇਣ ਲਈ ਮਜਬੂਰ ਕਰਦੇ ਹੋ । ਜੇ ਤੁਸੀਂ ਇਸ ਸਰਕਾਰ ਤੋਂ ਗੁਰਦੁਆਰਿਆਂ ਅਤੇ ਦੇਸ਼ ਦੀ ਪੂਰਨ ਆਜ਼ਾਦੀ ਦੇ ਚਾਹਵਾਨ ਹੋ ਤਾਂ ਇਸਦਾ ਮੁਕਾਬਲਾ ਕਰਨ ਲਈ ਸ੍ਰੀ ਸਾਹਿਬ ਉਠਾਉਣੀ ਪਵੇਗੀ । ਜੇ ਤੁਸੀਂ ਇਹ ਰਸਤਾ ਫੜੋ ਤਾਂ ਮੈਂ ਸੈਂਕੜੇ ਜੱਥੇ ਲੈ ਕੇ ਅੰਮ੍ਰਿਤਸਰ ਪੁੱਜ ਸਕਦਾ ਹਾਂ ।"

ਇਹ ਪੱਤਰ ਵਤਨ ਸਿੰਘ ਪੰਡੋਰੀ ਨਿੱਝਰਾਂ ਹੱਥੀਂ ਅੰਮ੍ਰਿਤਸਰ ਭੇਜਿਆ ਗਿਆ । ਸਕੱਤਰ ਨੇ ਪੱਤਰ ਪੜ੍ਹ ਕੇ ਵਾਪਸ ਕਰ ਦਿਤਾ ਤੇ ਲਿਆਉਣ ਵਾਲੇ ਨੂੰ ਕਿਹਾ, "ਜਥੇਦਾਰ ਸਾਹਿਬ ਨੂੰ ਕਹੋ, ਅਗੋਂ ਇਹੋ ਜਿਹੇ ਪੱਤਰ ਇਥੇ ਨਾ ਭੇਜਿਆ ਕਰਨ ।"

ਗੁਰੂ ਕੇ ਬਾਗ ਦੇ ਮੋਰਚੇ ਤੋਂ ਪੁਲਸ ਵਿਹਲੀ ਹੋਈ ਤਾਂ ਬੱਬਰ ਅਕਾਲੀਆਂ ਵਲ ਧਿਆਨ ਪਹੁੰਚ ਗਿਆ । ਬੱਬਰਾਂ ਦੇ ਆਗੂਆਂ ਦੀ ਗ੍ਰਿਫ਼ਤਾਰੀ ਲਈ ਇਨਾਮੀ ਇਸ਼ਤਿਹਾਰ ਕੱਢੇ ਗਏ । ਜਿਸ ਵਿਚ ਜਥੇਦਾਰ ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਲਈ ੨੦੦੦ ਰੁਪਏ, ਸ: ਕਰਮ ਸਿੰਘ ਐਡੀਟਰ ਦੀ ਗ੍ਰਿਫ਼ਤਾਰੀ ਲਈ ੧੦੦੦ ਰੁਪਏ ਤੇ ਬਾਕੀਆਂ ਲਈ ੫੦੦–੫੦੦ ਰੁਪਏ ਇਨਾਮ ਰਖੇ ਗਏ ।

ਪਨਾਹ ਦੇਣ ਵਾਲਿਆਂ ਨੂੰ ਵੀ ਤੰਗ ਕਰਨਾ ਸ਼ੁਰੂ ਕਰ ਦਿੱਤਾ । ਝੋਲੀ-ਚੁਕ, ਸਫ਼ੈਦ ਪੋਸ਼, ਸਰਕਾਰੀ ਜੀ ਹਜ਼ੂਰੀਏ ਹੁਣ ਸਭ ਬੱਬਰਾਂ ਦੇ ਖ਼ਾਤਮੇ ਲਈ ਕਿਰਿਆਸ਼ੀਲ ਹੋ ਗਏ । ਬੱਬਰਾਂ ਨੇ ਹੁਣ ਝੋਲੀ-ਚੁਕਾਂ ਨੂੰ ਸੋਧਣਾ ਵੀ ਸ਼ੁਰੂ ਕਰ ਦਿੱਤਾ । ਨਾਲੋ ਨਾਲ ਲੋਕ-ਭਲਾਈ ਤੇ ਨਾਲ ਪ੍ਰਚਾਰ ਦਾ ਕੰਮ ਵੀ ਕਰਦੇ । ਜਦ ੧੩ ਫ਼ਰਵਰੀ ਨੂੰ ਇਕ ਝੋਲੀ-ਚੁਕ ਨੂੰ ਖ਼ਤਮ ਕੀਤਾ ਗਿਆ ਤਾਂ ਬਾਕੀ ਦੇ ਵੀ ਕੰਬਣ ਲੱਗੇ । ਇਕ ਜ਼ੈਲਦਾਰ ਰਾਮ ਨਰੈਣ ਸਿੰਘ ਮਹਿਲਪੁਰੀ ਤਾਂ ਡਰ ਕੇ ਸੁਪਨੇ ਵਿਚ ਹੀ ਬੜਬੜਾਂਦਾ ਮਰ ਗਿਆ । ਅੰਦਰੋਂ ਅੰਦਰੀ ਪੁਲਸੀਏ ਹੋਰ ਕੰਬਣ ਲੱਗ ਪਏ ।

ਜੱਥੇ ਨੇ ਕਈ ਡਾਕੂਆਂ ਨੂੰ ਸਿੱਧੇ ਰਾਹੇ ਪਾ ਕੇ ਸਿੱਖੀ ਲੜ ਲਾਇਆ । ਵਰਿਆਮ ਸਿੰਘ ਧੁੱਗਾ, ਬੰਤਾ ਸਿੰਘ ਤੇ ਦਲੀਪ ਸਿੰਘ ਧਾਮੀਆਂ, ਧੰਨਾ ਸਿੰਘ ਕੋਟਲੀ ਆਦਿ ਡਾਕੂ ੧੯ ਫਰਵਰੀ ੧੯੨੩ ਨੂੰ ਪ੍ਰਣ ਲੈ ਕੇ ਸਿੱਖ ਬਣ ਗਏ । ਉਨ੍ਹਾਂ ਸਹੁੰ ਚੁਕੀ ਕਿ ਉਹ ਹਰ ਰੋਜ਼ ਪੰਜਾਂ ਬਾਣੀਆਂ ਦਾ ਪਾਠ ਕਰਨਗੇ, ਬਹੂ ਬੇਟੀਆਂ ਦੀ ਇੱਜ਼ਤ ਨੂੰ ਹੱਥ ਨਹੀਂ



www.AKJ.Org

ਪਾਉਣਗੇ, ਕੋਈ ਚੋਰੀ ਨਹੀਂ ਕਰਨਗੇ ਤੇ ਜਾਤੀ ਰੜਕਾਂ ਭੁਲ ਜਾਣਗੇ ਅਤੇ ਜੱਥੇ ਦੇ ਹੁਕਮ ਦੀ ਮਨੋ-ਤਨੋਂ ਪਾਲਨਾ ਕਰਨਗੇ। ਬੱਬਰਾਂ ਨੇ ਸ਼ਰਾਬ ਦੇ ਠੇਕੇ ਵੀ ਜ਼ਬਰਦਸਤੀ ਬੰਦ ਕਰਵਾਉਣੇ ਸ਼ੁਰੂ ਕਰ ਦਿਤੇ ਤੇ ਸੜਕਾਂ ਤੇ ਲੱਗੇ ਅੰਬਾਂ ਦੇ ਠੇਕੇ ਵੀ ਕਿਸੇ ਨੂੰ ਨਾ ਲੈਣ ਦਿਤੇ।

ਪੁਲੀਸ ਬੜੀ ਔਖੀ ਸੀ। ਉਸ ਨੇ ਆਪਣੇ ਸੂਹੀਆਂ ਨੂੰ ਵੀ ਸਰਗਰਮ ਕਰ ਦਿਤਾ। ਸੰਤ ਕਰਤਾਰ ਸਿੰਘ, ਜਿਨ੍ਹਾਂ ਨੇ ਪਹਿਲਾ ਵੀ ਕੁਝ ਬੱਬਰਾਂ ਨੂੰ ਫੜਾਇਆ ਸੀ, ਜਥੇਦਾਰ ਕਿਸ਼ਨ ਸਿੰਘ ਨੂੰ ਪ੍ਰਾਗਪੁਰ ਫੜਵਾਉਣ ਲੱਗੇ ਪਰ ਜਥੇਦਾਰ ਬਚ ਕੇ ਨਿਕਲ ਗਏ। ਅਖ਼ੀਰ ਪਿੰਡ ਬੜਿੰਗਾਂ ਦੇ ਹੀ ਇਕ ਕਾਬਲ ਸਿੰਘ ਨੇ ਗ਼ਦਾਰੀ ਕਰ ਕੇ ਜਥੇਦਾਰ ਹੋਰਾਂ ਨੂੰ ਗ੍ਰਿਫ਼ਤਾਰ ਕਰਵਾ ਦਿਤਾ। ੨੬ ਫਰਵਰੀ ੧੯੨੩ ਮੂੰਹ ਹਨੇਰੇ ਮਿ: ਮੈਥੀਉਜ਼ ਨਾਇਬ ਸੁਪ੍ਰੰਟੈਂਡੈਂਟ ਪੁਲਿਸ ਜਲੰਧਰ ਇਕ ਟੁਕੜੀ ਨਾਲ ਕਾਬੁਲੀ ਸਿੰਘ ਦੇ ਇਸ਼ਾਰੇ ਤੇ ਪੰਡੋਰੀ ਮਾਹਲਾਂ ਪਹੁੰਚ ਗਿਆ। ਸਵੇਰੇ ਮੂੰਹ ਹਨੇਰੇ ਹੀ ਘੇਰਾ ਪਾ ਕੇ ਜਥੇਦਾਰ ਨੂੰ ਸੁਤਿਆਂ ਹੀ ਫੜ ਲਿਆ ਗਿਆ। ਇਸ ਸਮੇਂ ਕ੍ਰਿਪਾਨ ਦੇ ਸਿਵਾਇ ਜਥੇਦਾਰ ਕੋਲ ਹੋਰ ਕੋਈ ਹਥਿਆਰ ਨਹੀਂ ਸੀ, ਪਰ ਗ੍ਰਿਫ਼ਤਾਰੀ ਤੋਂ ਪਹਿਲਾਂ ਇਹ ਵੀ ਕਾਬੂ ਹੋ ਗਈ ਸੀ, ਸੋ ਡਟਣ ਦਾ ਸਮਾਂ ਹੀ ਨਾ ਮਿਲਿਆ। ਸਤਾਰਾਂ ਅਗਸਤ ੧੯੨੩ ਤੋਂ ਆਪ ਦਾ ਹੋਰ ਸਾਥੀਆਂ ਦੇ ਨਾਲ ਕੇਸ ਲਾਹੌਰ ਜੇਲ੍ਹ ਦੇ ਲੁਹਾਰਖਾਨੇ ਵਿਚ ਚੱਲਿਆ। ਜੱਜ ਮਿ: ਟੈਪ ਨੇ ਜਥੇਦਾਰ ਸਾਹਿਬ ਤੋਂ ਲੱਗੇ ਇਲਜ਼ਾਮਾਂ ਬਾਰੇ ਪੁੱਛਿਆ ਤਾਂ ਜਥੇਦਾਰ ਨੇ ਲਿਖਤੀ ਬਿਆਨ ਦਿਤਾ, ਜੋ ਸਵਾ ਸੌ ਸਫ਼ੇ ਦੇ ਲਗਭਗ ਸੀ। ਇਸ ਵਿਚ ਉਨ੍ਹਾਂ ਨੇ ਆਪਣੇ ਚਕਰਵਰਤੀ ਤੇ ਫਿਰ ਬੱਬਰ ਬਣ ਜਾਣ ਦਾ ਪੂਰਾ ਕਿੱਸਾ ਬਿਆਨਿਆਂ। ਜਿਸ ਉੱਤੇ ਜੱਜ ਨੇ ਉਨ੍ਹਾਂ ਨੂੰ 'ਸਾਜ਼ਸ਼ ਦਾ ਮੋਢੀ, ਲਹਿਰ ਦਾ ਦਿਮਾਗ਼' ਆਖ ਫਾਂਸੀ ਦੀ ਸਜ਼ਾ ਦੇ ਨਾਲ ਨਾਲ ਹੋਰ ਵੀ ਸਜ਼ਾਵਾਂ ਦਿਤੀਆਂ। ੨੭ ਫਰਵਰੀ ੧੯੨੬ ਨੂੰ ਆਪ ਨੂੰ ਅਤੇ ਪੰਜ ਹੋਰ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦੇ ਕੇ ਸ਼ਹੀਦ ਕਰ ਦਿਤਾ ਗਿਆ। ਆਖ਼ਰੀ ਰਾਤ ਆਪ ਨੇ ਫਾਂਸੀ ਦੀ ਕੋਠੀ ਵਿਚੋਂ ਬੜੀ ਕੜਕਵੀਂ ਆਵਾਜ਼ ਵਿਚ ਕਿਹਾ, "ਸਾਡਾ ਵੈਰੀ ਖ਼ੁਸ਼ ਹੋਵੇਗਾ, ਪਰ ਅਸਲੀ ਖ਼ੁਸ਼ੀ ਸਾਨੂੰ ਹੈ, ਅਸੀਂ ਆਪਣਾ ਵਚਨ ਤੇ ਫਰਜ਼ ਪੂਰਾ ਕਰ ਰਹੇ ਹਾਂ। ਸ਼ਹੀਦੀ ਖ਼ੂਨ ਦੇ ਕਤਰੇ ਜੁਗ-ਗਰਦੀ ਦੇ ਬੀਜ ਹਨ, ਜੋ ਪ੍ਰਫੁਲਤ ਹੋਣਗੇ। ਇਹ ਸ਼ਕਤੀ ਬਹੁਤ ਜਲਦੀ ਬਰਤਾਨਵੀ ਹਕੂਮਤ ਦਾ ਤਖ਼ਤਾ ਉਲਟ ਦੇਵਗੀ। ਸਾਡੀ ਆਖ਼ਰੀ ਇੱਛਾ ਹੈ ਕਿ ਸਾਡਾ ਦੇਸ਼ ਸਾਡੇ ਨਾਲ ਦੇ ਜਿਊਂਦੇ ਰਹਿਣ ਵਾਲੇ ਬੱਬਰਾਂ ਦੀਆਂ ਅੱਖਾਂ ਸਾਹਮਣੇ ਆਜ਼ਾਦ ਹੋਵੇ ਤੇ ਅਜਿਹਾ ਹੋ ਕੇ ਰਹੇਗਾ।" ਫਾਂਸੀ ਦੇ ਤਖ਼ਤੇ ਤੇ ਵੀ ਜਥੇਦਾਰ ਨੇ ਦਿਲ-ਖਿਚਵੇਂ ਸ਼ਬਦ ਕਹੇ, ਜਿਸ ਨਾਲ ਜੇਲ੍ਹ-ਕਰਮਚਾਰੀਆਂ ਦੀਆਂ ਅੱਖਾਂ ਵੀ ਤਰ ਹੋ ਗਈਆਂ। ਉਨ੍ਹਾਂ ਨੇ ਆਪਣੀ ਸਿੰਘਣੀ ਨੂੰ ਵੀ ਚੜ੍ਹਦੀ ਕਲਾ ਵਿਚ ਰਹਿਣ ਲਈ ਕਿਹਾ।

ਜਥੇਦਾਰ ਕਿਸ਼ਨ ਸਿੰਘ ਹੋਰਾਂ ਦੇ ਫੜੇ ਜਾਣ ਪਿੱਛੋਂ ੩ ਮਾਰਚ ੧੯੨੩ ਨੂੰ ਚਾਰ ਬੱਬਰਾਂ ਨੇ ਜਮਸ਼ੇਰ ਸਟੇਸ਼ਨ ਤੇ ਅੱਧੀ ਰਾਤ ਨੂੰ ਹਮਲਾ ਕੀਤਾ। ਕਿਉਂਕਿ ਇਥੋਂ ਦੇ ਬਾਬੂ ਤੇ ਜਮਾਦਾਰ ਲੋਕਾਂ ਨੂੰ ਵੀ ਬੜਾ ਤੰਗ ਕਰਦੇ ਸਨ ਤੇ ਬੱਬਰਾਂ ਨੂੰ ਪਿੱਛੇ ਪਿੱਛੇ ਗਾਲ੍ਹਾਂ ਵੀ ਕੱਢਦੇ ਸਨ। ਬੱਬਰਾਂ ਨੇ ਸਰਕਾਰੀ ਰਕਮ ਕਬਜ਼ੇ ਵਿਚ ਕੀਤੀ ਤੇ ਇਨ੍ਹਾਂ ਦੋਨੋਂ ਦੇ ਨੱਕ ਵੀ ਰਗੜਵਾਏ।

ਪੁਲਿਸ ਹੁਣ ਬੱਬਰਾਂ ਕੋਲੋਂ ਤਾਂ ਡਰਦੀ ਸੀ, ਪਰ ਆਮ ਲੋਕਾਂ ਨੂੰ ਤੰਗ ਕਰਨ ਲਗ ਪਈ, ਜਿਸ ਕਰਕੇ ਬੱਬਰਾਂ ਵਲੋਂ ਸਾਰੇ ਕਤਲਾਂ ਦੀ ਜ਼ਿੰਮੇਵਾਰੀ ਤਿੰਨ ਮੁਖੀ ਬੱਬਰਾਂ, ਸਰਦਾਰ ਕਰਮ ਸਿੰਘ ਐਡੀਟਰ ਦੌਲਤਪੁਰ, ਸ: ਧੰਨਾ ਸਿੰਘ ਬਹਿਲਪੁਰ, ਅਤੇ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੇ ਆਪਣੇ ਸਿਰ ਲੈ ਕੇ ਇਸ ਦਾ ਐਲਾਨ ਕਰ ਦਿਤਾ ਤੇ ਕਿਹਾ, "ਕਿ ਉਹਨਾਂ ਨੂੰ ਪੁਲਸ ਕਦੇ ਵੀ ਜਿਉਂਦੇ ਨਹੀਂ ਫੜ ਸਕਦੀ।" ਉਨ੍ਹਾਂ ਨੇ ਗਵਰਨਰ ਪੰਜਾਬ ਦੇ ਨਾਂ ਖੁਲ੍ਹੀ ਚਿੱਠੀ ਲਿਖ ਕੇ ਸਾਰੇ ਹਾਲਾਤ ਤੋਂ ਜਾਣਕਾਰੀ ਕਰਵਾਈ। ਸਰਕਾਰ ਲਈ ਇਹ ਵੰਗਾਰ ਸੀ। ਪੁਲਿਸ ਨੇ ਥਾਂ ਥਾਂ ਛਾਪੇ ਮਾਰਨੇ ਸ਼ੁਰੂ ਕਰ ਦਿਤੇ ਤੇ ਕੋਟ ਫਤੂਹੀ ਵਾਲੇ ਗੜ੍ਹ ਵਿਚ ਅਮਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਤੋਂ ਕਈ ਸੁਰਾਗ ਲੈ ਲਏ ਤੇ ੨੦, ੨੧ ਤੇ ੨੨ ਅਪਰੈਲ ਨੂੰ ਥਾਂ ਥਾਂ ਛਾਪੇ ਮਾਰ ਕੇ ੧੫ ਬੱਬਰ ਹੋਰ ਗ੍ਰਿਫ਼ਤਾਰ ਕਰ ਲਏ। ਬੱਬਰਾਂ ਨੇ ਦੋ ਹੋਰ ਝੋਲੀਚੁੱਕ ਸੋਧ ਕੇ ਇਸ ਦਾ ਐਲਾਨ ਕਰ ਦਿਤਾ। ਸਰਕਾਰ ਨੇ ਹੋਰ ਸਟਾਫ਼ ਭਰਤੀ ਕਰ ਕੇ



www.AKJ.Org

ਬੱਬਰਾਂ ਪਿਛੇ ਲਾਇਆ ਤੇ ਨਵੇਂ ਇਨਾਮਾਂ ਦਾ ਐਲਾਨ ਕਰ ਦਿਤਾ ਕਿ ਉਸ ਸ਼ਖਸ ਨੂੰ ਛੇ ਮੁਰੱਬੇ ਜ਼ਮੀਨ ਦਿਤਾਂ ਜਾਏਗੀ, ਜੋ ਕਤਲਾਂ ਦੇ ਜ਼ਿੰਮੇਵਾਰ ਬੱਬਰਾਂ ਨੂੰ ਫੜਵਾਏਗਾ। ਇਸ ਵੇਲੇ ਗੁਰੂ ਕੇ ਬਾਗ਼ ਦਾ ਮੋਰਚਾ ਹਿੰਦੂ-ਮੁਸਲਿਮ ਫ਼ਿਰਕੂ ਫ਼ਸਾਦ ਤੇ ਬੱਬਰਾਂ ਦੇ ਖੁਲ੍ਹੇ ਹਮਲਿਆਂ ਨੇ ਸਰਕਾਰੀ ਮਸ਼ੀਨਰੀ ਨੂੰ ਤਾਂ ਜਿਵੇਂ ਨਕਾਰਾ ਹੀ ਕੀਤਾ ਹੋਇਆ ਸੀ ਤੇ ਆਮ ਲੋਕਾਂ ਵਿਚ ਇਹ ਗੱਲ ਘੁੰਮ ਗਈ ਸੀ ਕਿ ਹੁਣ ਆਜ਼ਾਦੀ ਆਈ ਕਿ ਆਈ।

ਸਰਕਾਰ ਨੇ ਕੁਟਿਲ ਚਾਲਾਂ ਚਲਣੀਆਂ ਸ਼ੁਰੂ ਕਰ ਦਿਤੀਆਂ। 'ਪਾਟੋ, ਰਾਜ ਕਰੋ' ਦੀ ਨੀਤੀ ਅਨੁਸਾਰ ਅਕਾਲੀਆਂ ਤੇ ਬੱਬਰਾਂ ਵਿਚ ਵੀ ਫਿਕ ਪਾਉਣਾ ਸ਼ੁਰੂ ਕਰ ਦਿਤਾ। ਮਸ਼ੀਨਰੀ ਨੂੰ ਵੀ ਸੋਧਿਆ ਤੇ ਮਿਸਟਰ ਟਾਊਨ-ਸੈਂਡ ਨੂੰ ਜਲੰਧਰ ਡਿਵੀਜ਼ਨ ਦਾ ਕਮਿਸ਼ਨਰ ਮੁਕੱਰਰ ਕਰ ਦਿਤਾ। ਗ੍ਰਿਫ਼ਤਾਰ ਕੀਤੇ ਬੱਬਰਾਂ ਨੂੰ ਬੜੀਆਂ ਖੌਫ਼ਨਾਕ ਸਜ਼ਾਵਾਂ ਤੇ ਤਸੀਹੇ ਦਿਤੇ ਜਾਣ ਲੱਗੇ, ਜਿਵੇਂ ਤਲੀਆਂ ਪੁਰ ਮੰਜੀਆਂ ਦੇ ਪਾਵੇ ਰਖ ਕੇ ਬਹਿ ਜਾਣਾ, ਮੁੱਛਾਂ ਦਾੜ੍ਹੀ ਤੇ ਨਾਜ਼ਕ ਅੰਗਾਂ ਦੇ ਵਾਲ ਪੁੱਟਣੇ, ਗੁੱਦਾ ਵਿਚ ਮਿਰਚਾਂ ਪਾ ਕੇ ਤੜਪਾਉਣਾ, ਨਹੁੰਆਂ ਵਿਚ ਸੂਈਆਂ ਚੋਭਣੀਆਂ, ਪੈਰਾਂ ਦੀਆਂ ਤਲੀਆ ਮਾਰ ਮਾਰ ਕੇ ਉਠਾਉਣਾ, ਪੁੱਠੇ ਲਟਕਾਉਣਾ ਆਦਿ। ਬਹੁਤੇ ਬੱਬਰਾਂ ਨੇ ਹੱਸ ਹੱਸ ਤਸੀਹੇ ਜਰੇ, ਪਰ ਭੇਦ ਨਾ ਦਿਤੇ।

ਅਗਸਤ ੧੯੨੩ ਵਿਚ ਤੀਜਾ ਇਨਾਮੀ ਇਸ਼ਤਿਹਾਰ ਕੱਢ ਕੇ ਬੱਬਰਾਂ ਦੀ ਗ੍ਰਿਫ਼ਤਾਰੀ ਦੇ ਇਨਾਮ ਦੀ ਰਕਮ ਹੋਰ ਵਧਾ ਦਿਤੀ ਗਈ, ਜਿਸ ਕਰ ਕੇ ੧੫ ਬੱਬਰਾਂ ਨੂੰ ਮੁਖਬਰਾਂ ਰਾਹੀਂ ਪੁਲਿਸ ਨੇ ਅਗਸਤ ਸਤੰਬਰ ਵਿਚ ਗ੍ਰਿਫ਼ਤਾਰ ਕਰ ਲਿਆ।

ਅਨੂਪ ਸਿੰਘ ਬੱਬਰ ਦੇ ਚਾਚੇ ਨੇ ਲਾਲਚ-ਵਸ ਹੋ ਕੇ ਅਨੂਪ ਸਿੰਘ ਨੂੰ ਆਪਣੇ ਵਸ ਕਰਕੇ ਬੱਬਰਾਂ ਨੂੰ ਗ੍ਰਿਫ਼ਤਾਰ ਕਰਾਉਣ ਦੀ ਸਾਜ਼ਿਸ਼ ਘੜੀ, ਜਿਸ ਵਿਚ ਉਹ ੩੧ ਅਗਸਤ ਨੂੰ ਸਫਲ ਹੋ ਗਏ। ਕਰਮ ਸਿੰਘ ਐਡੀਟਰ, ਉਦੈ ਸਿੰਘ ਰਾਮਗੜ੍ਹ, ਬਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ ਪੰਡੋਰੀ, ਗੰਗਾ ਸਿੰਘ ਅਤੇ ਅਨੂਪ ਸਿੰਘ ਪਿੰਡ ਬਬੇਲਾ ਰਿਆਸਤ ਕਪੂਰਥਲਾ ਪਹੁੰਚੇ, ਜਿਥੇ ਸ਼ਿਵ ਸਿੰਘ ਦੇ ਘਰ ਨਿਵਾਸ ਕਰਵਾ ਕੇ ਅਨੂਪ ਸਿੰਘ ਖਿਸਕ ਗਿਆ ਤੇ ਪੁਲਿਸ ਨੂੰ ਇਤਲਾਹ ਦੇ ਦਿਤੀ। ਸੁੱਤੇ ਪਏ ਬੱਬਰਾਂ ਦੇ ਬੰਬਾਂ ਵਿਚ ਤੇਲ ਪਾ ਦਿਤਾ ਤੇ ਬੰਦੂਕਾਂ ਦੇ ਕੁੰਡੇ ਕਬਜ਼ੇ ਖ਼ਰਾਬ ਕਰ ਦਿਤੇ ਤੇ ਕਾਰਤੂਸਾਂ ਦਾ ਝੋਲਾ ਖ਼ਰਾਬ ਕਰ ਦਿਤਾ। ਸਵੇਰ ਨੂੰ ਜਦ ਬੱਬਰ ਜਾਗੇ ਤਾਂ ਮਿ: ਸਮਿਥ ਦੀ ਕਮਾਨ ਹੇਠ ਦੋ ਹਜ਼ਾਰ ਪੁਲਿਸ ਨੇ ਸਾਰਾ ਪਿੰਡ ਘੇਰ ਲਿਆ ਹੋਇਆ ਸੀ। ਅਨੂਪ ਸਿੰਘ ਹੱਥ ਖੜੇ ਕਰਕੇ ਪੁਲਿਸ ਨੂੰ ਗ੍ਰਿਫ਼ਤਾਰੀ ਦੇ ਚੁਕਾ ਸੀ।

ਕਰਮ ਸਿੰਘ ਨੇ ਅਰਦਾਸਾ ਸੋਧ ਕੇ ਜੈਕਾਰਾ ਛੱਡਿਆ ਤੇ ਇਕ ਫ਼ਾਇਰ ਕਰਕੇ ਪਿੰਡੋਂ ਬਾਹਰ ਆ ਗਏ, ਤਾਂਕਿ ਪਿੰਡ ਵਾਲਿਆਂ ਦਾ ਨੁਕਸਾਨ ਨਾ ਹੋਵੇ। ਤਲਵਾਰਾਂ ਬਿਨਾਂ ਸਭ ਹਥਿਆਰ ਨਕਾਰਾ ਹੋ ਚੁਕੇ ਸਨ, ਸੋ ਤਲਵਾਰ ਦੀ ਲੜਾਈ ਲਈ ਡਟ ਕੇ ਵਧੇ ਤੇ ਜਿਸ ਪਾਸੇ ਫ਼ੌਜੀ ਟੁਕੜੀ ਦਾ ਪਹਿਰਾ ਸੀ, ਉਧਰੋਂ ਬੱਬਰ ਸਾਫ਼ ਨਿਕਲ ਗਏ। ਅਸਲ ਵਿਚ ਇਸ ਟੁਕੜੀ ਦਾ ਇੰਚਾਰਜ ਇਕ ਸਿੱਖ ਸੀ, ਜਿਸ ਨੇ ਟੁਕੜੀ ਨੂੰ ਸ਼ਾਂਤ ਰਹਿਣ ਲਈ ਕਹਿ ਦਿਤਾ ਸੀ। ਬੱਬਰ ਵਧਦੇ ਹੋਏ ਉਸ ਖੂਹ ਤੇ ਆ ਗਏ ਜਿਥੇ ਇਕ ਗੋਰਾ ਅਫ਼ਸਰ ਤੂਤ ਥਲੇ ਬੈਠਾ ਸੀ। ਉਹ ਬੱਬਰਾਂ ਨੂੰ ਵੇਖ ਕੇ ਕੰਬ ਗਿਆ ਤੇ ਲੱਗਾ ਚੀਕਣ, "ਹਾਏ ਮਾਰ ਦੀਆ"। ਰੌਲਾ ਸੁਣ ਕੇ ਮਿ: ਸਮਿਥ ਆਪਣੇ ਸਿਪਾਹੀ ਲੈ ਕੇ ਉਥੇ ਪਹੁੰਚ ਗਿਆ, ਪਰ ਬੱਬਰਾਂ ਨੇ ਤਲਵਾਰਾਂ ਸੂਤ ਲਈਆਂ। ਮਿ: ਸਮਿਥ ਨੇ ਅਲਟੀਮੇਟਮ ਦਿਤਾ, "ਅੱਜ ੧੨ ਵਜੇ ਤਕ ਤੁਹਾਨੂੰ ਜੀਉਂਦਾ ਹੀ ਗ੍ਰਿਫ਼ਤਾਰ ਕਰਾਂਗਾ।" ਬੱਬਰਾਂ ਨੇ ਜਵਾਬ ਦਿਤਾ, "ਤੇਰੇ ਨਾਲ ਕੀ ਗੱਲ ਕਰੀਏ, ਜੋ ਚਾਰ ਬੰਦਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਦੋ ਹਜ਼ਾਰ ਬੰਦੇ ਚਾੜ੍ਹ ਲਿਆਇਆ ਹੈਂ। ਅਸੀਂ ਵੀ ਜੀਉਂਦੇ-ਜੀ ਹੱਥ ਨਹੀਂ ਆਉਣ ਵਾਲੇ।" ਸਤਵੀਂ ਪਾਤਸ਼ਾਹੀ ਦੇ ਗੁਰਦਵਾਰੇ ਵਲ ਰੁਖ਼ ਕਰ ਕੇ ਬੱਬਰ ਲੜਦੇ ਲੜਦੇ ਵਧਣ ਲਗੇ। ਪਿੱਛੇ ਚੋਅ ਆ ਗਿਆ, ਜਿਥੇ ਦਾ ਨਾਕਾ ਵੀ ਸਿਪਾਹੀਆਂ ਨੇ ਮਲਿਆ ਹੋਇਆ ਸੀ। ਬੱਬਰਾਂ ਤੇ ਚੋਅ ਵਿਚ ਛਾਲਾਂ ਮਾਰ ਦਿਤੀਆਂ ਤਾਂ ਸਮਿਥ ਨੇ ਗੋਲੀ ਦਾ ਹੁਕਮ ਦੇ ਦਿਤਾ। ਉਦੈ ਸਿੰਘ ਤੇ ਮਹਿੰਦਰ ਸਿੰਘ ਤਰਦਿਆਂ ਹੀ ਛਲਣੀ ਹੋ ਗਏ।



www.AKJ.Org

ਕਰਮ ਸਿੰਘ ਜ਼ਖ਼ਮੀ ਹੋ ਗਏ ਤੇ ਕੰਢੇ ਲਗਦੇ ਹੀ ਉਹਨਾਂ ਨੇ ਗੋਲੀ ਦਾ ਜਵਾਬ ਗੋਲੀ ਵਿਚ ਦੇਣਾ ਸ਼ੁਰੂ ਕਰ ਦਿਤਾ, ਪਰ ਅਗਿਓਂ ਇਕ-ਦਮ ਆਈ ਬੋਛਾਰ ਨੇ ਉਹਨਾਂ ਦਾ ਸਰੀਰ ਵੀ ਭੁੰਨ ਸੁਟਿਆ। ਬਿਸ਼ਨ ਸਿੰਘ ਜ਼ਖਮੀ ਹੋਇਆ ਰਿੜ੍ਹਦਾ ਰਿੜ੍ਹਦਾ ਗੁਰਦੁਆਰੇ ਵਲ ਜਾ ਨਿਕਲਿਆ। ਭਾਲ ਕਰਦੇ ਘੋੜ-ਸਵਾਰ ਉਸ ਨਿਢਾਲ ਹੋਏ ਕੋਲ ਪਹੁੰਚੇ ਤਾਂ ਉਸ ਨੇ ਜੈਕਾਰਾ ਛੱਡ ਕੇ ਇਕ ਸਵਾਰ ਤੇ ਵਾਰ ਕਰ ਦਿਤਾ ਦੋ ਥੱਲੇ ਡੇਗ ਲਿਆ। ਦੂਜੇ ਸਵਾਰਾਂ ਨੇ ਬਿਸ਼ਨ ਸਿੰਘ ਨੂੰ ਗੋਲੀਆਂ ਚਲਾ ਕੇ ਸ਼ਹੀਦ ਕਰ ਦਿਤਾ।

ਸ਼ਿਵ ਸਿੰਘ ਤੇ ਹੋਰ ਤਿੰਨ ਬੰਦਿਆਂ ਨੂੰ ਬੱਬਰਾਂ ਦੀ ਮਦਦ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਦੀ ਬੜੀ ਬੇਇਜ਼ਤੀ ਹੋਈ, ਕਿਉਂਕਿ ਉਹ ਲਲਕਾਰਾ ਦੇ ਕੇ ਵੀ ਬੱਬਰਾਂ ਨੂੰ ਜੀਉਂਦੇ ਗ੍ਰਿਫਤਾਰ ਨਾ ਕਰ ਸਕੀ। ਇਹ ਸਾਕਾ ਇਕ ਸਤੰਬਰ ੧੯੨੩ ਨੂੰ ਹੋਇਆ। ਅਨੂਪ ਸਿੰਘ ਨੂੰ ਗ਼ਦਾਰੀ ਦਾ ਇਨਾਮ ਤਿੰਨ ਬੱਬਰ ਸਾਥੀਆਂ ਨੇ ਪਾਰ ਬੁਲਾ ਕੇ ਦਿਤਾ।

ਬੱਬਰਾਂ ਨੂੰ ਜੀਉਂਦੇ ਫੜਨ ਦੀ ਜਿਵੇਂ ਹੋੜ ਲਗ ਗਈ। ਜੁਆਲਾ ਸਿੰਘ ਤੇ ਬੰਦਾ ਸਿੰਘ ਦੀ ਮਦਦ ਨਾਲ ਮਿ: ਹੋਰਟਨ ਨੇ ਆਪਣੇ ਤੀਹ ਸਿਪਾਹੀਆਂ ਸਮੇਤ ਬੱਬਰ ਧੰਨਾ ਸਿੰਘ ਨੂੰ ਘੇਰ ਲਿਆ। ਜਵਾਲਾ ਸਿੰਘ ਨੇ ਧੰਨਾ ਸਿੰਘ ਸਿੰਘ ਦਾ ਕਿੱਲੀ ਨਾਲ ਟੰਗਿਆ ਰਿਵਾਲਵਰ ਲਾਹ ਕੇ ਦੂਸਰੇ ਹਥਿਆਰਾਂ ਸਮੇਤ ਪੁਲਿਸ ਪਾਸ ਪਹਿਲਾਂ ਹੀ ਪਹੁੰਚਾ ਦਿਤੇ ਸਨ। ਛੇ ਸਿਪਾਹੀਆਂ ਨੇ ਇਸ਼ਾਰੇ ਤੇ ਸੁਤੇ ਪਏ ਧੰਨਾ ਸਿੰਘ ਨੂੰ ਜਾ ਦਬੋਚਿਆ। ਇਕ ਇਕ ਬਾਂਹ ਨੂੰ ਦੋ ਦੋ ਸਿਪਾਹੀ ਚੰਬੜ ਗਏ ਤੇ ਇਕ ਨੇ ਕੇਸਾਂ ਨੂੰ ਹੱਥ ਪਾ ਲਿਆ। ਜਾਗ ਖੁਲ੍ਹੀ ਤਾਂ ਆਪਣੇ ਆਪ ਨੂੰ ਪੁਲਸੀਆਂ ਦੇ ਕਾਬੂ ਵਿਚ ਪਾ ਕੇ ਘਬਰਾਇਆ ਨਾ। ਦੇਖਦੇ ਹੀ ਦੇਖਦੇ ਉਸ ਦੇ ਬੇੜੀਆਂ ਵੀ ਕਸ ਦਿਤੀਆਂ ਗਈਆਂ ਤੇ ਇਕ ਇਕ ਬੇੜੀ ਨੂੰ ਤਿੰਨ ਤਿੰਨ ਸਿਪਾਹੀਆਂ ਨੇ ਫੜ ਲਿਆ। ਹੋਰਟਨ ਨੇ ਮਖੌਲ ਕੀਤਾ, "ਧੰਨਾ ਸਿੰਘ, ਤੁਮ ਬੋਲਤਾ ਥਾ ਕਿ ਜੀਤੇ-ਜੀ ਬੱਬਰ ਕੋ ਕੋਈ ਪਕੜ ਨਹੀਂ ਸਕਤਾ। ਬਤਾਓ ਅਬ ਜੀਤੇ ਭੀ ਹੋ ਔਰ ਗ੍ਰਿਫਤਾਰ ਭੀ ਹੋ।"

ਧੰਨਾ ਸਿੰਘ ਨੇ ਲਾਲ ਅੱਖਾਂ ਨਾਲ ਹੋਰਟਜਨ ਵਲ ਵੇਖਿਆ, ਉਹ ਇਸ ਬੱਬਰ ਅਕਾਲੀ ਦਾ ਰੁਹਬ ਵੇਖ ਕੇ ਸਹਿਮ ਗਿਆ ਅਤੇ ਝਟ ਪਿਛਾਂਹ ਹਟ ਕੇ ਹੁਕਮ ਦਿਤਾ, "ਇਸ ਕੀ ਆਂਖੇ ਬੰਦ ਕਰੋ।" ਹੌਲਦਾਰ ਰਮਾਲ ਨਾਲ ਅੱਖਾਂ ਬੰਦ ਕਰਨ ਲਗਾ ਤਾਂ ਧੰਨਾ ਸਿੰਘ ਨੇ ਹੋਰਟਨ ਨੂੰ ਤਾਹਨਾ ਦਿਤਾ, "ਓਏ ਤੈਨੂੰ ਸ਼ਰਮ ਨਹੀ ਆਉਂਦੀ, ਜੰਮ ਕੇ ਸੁਪਰਡੈਂਟ ਬਣਨ ਪਿਆ ਸੈਂ। ਤੈਥੋਂ ਮੇਰੀਆਂ ਅੱਖਾਂ ਵਲ ਨਹੀਂ ਵੇਖਿਆ ਜਾਂਦਾ। ਮੇਰੀਆਂ ਅੱਖਾਂ ਉਤੇ ਪੱਟੀ ਭੀ ਨਹੀਂ ਬੰਨ੍ਹੀ ਜਾਂਦੀ। ਜੇ ਮੈਂ ਖੁਲ੍ਹਾ ਹੁੰਦਾ ਤਾਂ ਤੇਰੀ ਕਦੋਂ ਦੀ ਜਾਨ ਨਿਕਲ ਗਈ ਹੁੰਦੀ।"

ਹੋਰਟਨ ਜੋਸ਼ ਵਿਚ ਆ ਗਿਆ ਤੇ ਵਧਿਆ ਆਪ ਰੁਮਾਲ ਬੰਨ੍ਹਣ। ਉਸੇ ਵੇਲੇ ਧੰਨਾ ਸਿੰਘ ਨੇ ਬਾਹਾਂ ਦਾ ਅਜਿਹਾ ਹੁਝਕਾ ਮਾਰਿਆ ਕਿ ਕੜੀਆਂ ਫੜਨ ਵਾਲੇ ਸਿਪਾਹੀ ਝਟਕਾ ਖਾ ਕੇ ਡਿਗੇ ਤੇ ਸਾਰੇ ਜ਼ੋਰ ਨਾਲ ਆਪਣੀ ਕੂਹਣੀ ਜੇਬ ਵਿਚ ਪਏ ਬੰਬ ਤੇ ਮਾਰੀ। ਬੜੇ ਜ਼ੋਰ ਦਾ ਧਮਾਕਾ ਹੋਇਆ। ਧੰਨਾ ਸਿੰਘ ਪੁਰਜ਼ਾ ਪੁਰਜ਼ਾ ਹੋ ਕੇ ਉੱਡ ਗਿਆ। ਪਾਸ ਖੜੇ ਇਕ ਹੌਲਦਾਰ, ਇਕ ਦਫ਼ੇਦਾਰ, ਤਿੰਨ ਸਿਪਾਹੀ ਤੇ ਇਕ ਮੱਝ ਤਾਂ ਥਾਂ ਮਰ ਗਏ। ਹੋਰਟਨ ਤੇ ਤਿੰਨ ਹੋਰ ਬੰਦੇ ਸਖ਼ਤ ਜ਼ਖਮੀ ਹੋਏ। ਹੋਰਟਨ ਹਸਪਤਾਲ ਜਾ ਕੇ ਮਰ ਗਿਆ ਤੇ ਇਕ ਹੋਰ ਅਫ਼ਸਰ ਜੈਨਕਿਨਜ਼ ਵਲੈਤ ਜਾਂਦਾ ਮਰ ਗਿਆ। ਧੰਨਾ ਸਿੰਘ ਦੀ ਸ਼ਹੀਦੀ ਬਹਾਦਰੀ ਦੀ ਅਦੁੱਤੀ ਮਿਸਾਲ ਹੈ। ਜਾਨ ਵਾਰ ਕੇ ਵੀ ਦੁਸ਼ਮਣਾਂ ਦਾ ਖ਼ਾਤਮਾ।

ਧੰਨਾ ਸਿੰਘ ਦੀ ਸ਼ਹੀਦੀ ਨਾਲ ਲਹਿਰ ਦਾ ਕੰਮ ਮੱਠਾ ਤਾਂ ਪੈ ਗਿਆ, ਪਰ ਬਚਦੇ ਬੱਬਰਾਂ ਨੇ ਭਾਰ ਆਪਣੇ ਮੋਢਿਆਂ ਤੇ ਚੁਕ ਲਿਆ। ਜਗਤ ਸਿੰਘ ਮੁੰਡਾਰੇ ਨੂੰ ਪੁਲਿਸ ਨੇ ਡਰਾ ਧਮਕਾ ਕੇ ਬਾਬੂ ਸੰਤਾ ਸਿੰਘ ਬੱਬਰ ਖ਼ਿਲਾਫ਼ ਮੁਖਬਰ ਬਣਾ ਲਿਆ। ਬੱਬਰਾਂ ਨਾਲ ਮਿਲਵਰਤਣ ਦਿਖਾ ਕੇ ਸੂਹੀਏ ਤੇ ਮੁਖਬਰ ਦੋਨਾਂ ਦਾ ਕੰਮ ਨਿਭਾਉਣ ਲੱਗ ਗਿਆ। ੧੨ ਦਸੰਬਰ ੧੯੨੩ ਨੂੰ ਉਸ ਦੇ ਘਰ ਵਰਿਆਮ ਸਿੰਘ ਧੁਗਾ, ਬੰਤਾ ਸਿੰਘ ਧਾਮੀਆ ਤੇ ਜੁਆਲਾ ਸਿੰਘ ਫਤਹਪੁਰ ਪਹੁੰਚੇ ਤਾਂ ਉਸ ਨੇ ਰੋਟੀ ਪਾਣੀ ਖੁਲਾ ਕੇ, ਉਹਨਾਂ ਨੂੰ ਮੰਜੇ ਡਾਹ ਦਿਤੇ ਤੇ ਖ਼ੁਦ ਪੁਲਸ ਨੂੰ ਇਹਨਾਂ ਬੱਬਰਾਂ ਬਾਰੇ ਇਤਲਾਹ ਕਰ ਦਿਤੀ। ਡੀ. ਸੀ., ਐਸ. ਪੀ. ਤੇ ਜਨਰਲ ਫਿਟਸ ਫ਼ੌਜ ਤੇ ਪੁਲਸ ਨਾਲ ਆਏ ਤੇ ਪਿੰਡ ਘੇਰ



www.AKJ.Org

ਲਿਆ। ਬੱਬਰਾਂ ਨੂੰ ਪਤਾ ਲਗਿਆ ਤਾਂ ਉਹ ਜਗਤ ਸਿੰਘ ਦਾ ਘਰ ਛੱਡ ਬੇਅੰਤ ਸਿੰਘ ਮਿਸਤਰੀ ਦੇ ਚੁਬਾਰੇ ਜਾ ਚੜ੍ਹੇ ਤੇ ਜੈਕਾਰਾ ਛੱਡ ਡੀ. ਸੀ. ਵਲ ਗੋਲੀ ਛੱਡੀ। ਡੀ. ਸੀ. ਲੇਟ ਕੇ ਬਚ ਗਿਆ। ਪਰ ਸੈਨਾ ਨੇ ਗੋਲੀਆਂ ਦੀ ਬੋਛਾੜ ਕਰ ਦਿਤੀ, ਪਰ ਸਭ ਬੇਕਾਰ। ਡੀ. ਸੀ. ਨੇ ਕੰਧ ਦੀ ਓਟ ਲੈ ਕੇ ਪੁਕਾਰਿਆ, "ਬਬਰੋ, ਮੁਕਾਬਲਾ ਨਾ ਕਰੋ, ਹਥਿਆਰ ਰੱਖ ਦਿਓ, ਮੈਂ ਤੁਹਾਡੀ ਜਾਨ ਬਖਸ਼ਣ ਦੀ ਕੋਸ਼ਿਸ਼ ਕਰ ਸਕਦਾ ਹਾਂ।" ਬੱਬਰਾਂ ਨੇ ਡੀ. ਸੀ. ਨੂੰ ਸਾਹਮਣੇ ਆ ਕੇ ਲੜਨ ਲਈ ਵੰਗਾਰਿਆ। ਦੋ ਮਸ਼ੀਨ-ਗੰਨਾਂ ਬੀੜ ਫੌਜੀ ਫਾਇਰ ਕਰਨ ਲਗੇ। ਬੱਬਰ ਵਿਚੋਂ ਵਿਚ ਕਦੇ ਕਦੇ ਗੋਲੀ ਛਡੀ ਜਾਂਦੇ। ਸ਼ਾਮੀਂ ਸਾਢੇ ਚਾਰ ਵਜੇ ਡੀ. ਸੀ. ਨੇ ਮਕਾਨ ਨੂੰ ਅੱਗ ਲਾਉਣ ਦਾ ਹੁਕਮ ਦੇ ਦਿਤਾ। ਪਹਿਲਾਂ ਤਾਂ ਪੁਲਸ ਵਾਲੇ ਡਰਦੇ ਜਾਣ ਨਾ, ਜਦ ਇਨਾਮ ਦਾ ਲਾਲਚ ਦਿਤਾ ਤਾਂ ਇਕ ਥਾਣੇਦਾਰ ਤੇ ਤਿੰਨ ਸਿਪਾਹੀਆਂ ਨੇ ਕੰਧਾਂ ਦੀ ਓਟ ਵਿਚ ਮਕਾਨ ਨੇੜੇ ਪੁਜ ਕੇ ਚੁਬਾਰੇ ਦੇ ਥਲੇ ਨੂੰ ਪਟਰੋਲ ਛਿੜਕ ਕੇ ਅੱਗ ਲਾ ਦਿਤੀ। ਬੂਹੇ ਬਾਰੀਆਂ ਬੰਦ ਹੋਣ ਕਰਕੇ ਬੱਬਰ ਇਸ ਤੋਂ ਬੇਖ਼ਬਰ ਰਹੇ। ਜਦ ਥਲਿਓਂ ਸੇਕ ਲਗਾ ਤੇ ਫਿਰ ਅੱਗ ਭੜਕ ਉਠੀ ਤਾਂ ਹੀ ਬੱਬਰ ਲਗੀ ਅੱਗ ਬਾਰੇ ਜਾਣ ਸਕੇ। ਬੰਤਾ ਸਿੰਘ ਤੇ ਜੁਆਲਾ ਸਿੰਘ ਦਰਵਾਜ਼ੇ ਰਾਹੀਂ ਭਜ ਨਿਕਲੇ ਤਾਂ ਸਾਹਮਣਿਓਂ ਮਸ਼ੀਨਗੰਨ ਨਾਲ ਢੇਰੀ ਹੋ ਗਏ। ਵਰਿਆਮ ਸਿੰਘ ਧੁਗਾ ਪਿਛਲੀ ਬਾਰੀ ਰਾਹੀਂ ਨਾਲ ਦੇ ਮਕਾਨ ਦੀ ਛਤ ਤੇ ਕੁਦ ਗਿਆ ਤੇ ਉਥੋਂ ਗਲੀ ਵਿਚ ਜਾ ਛਾਲ ਮਾਰੀ, ਜਿਥੇ ਕੁਝ ਪੁਲਸੀਏ ਖੜੇ ਸਨ। ਉਸਨੇ ਜੈਕਾਰਾ ਛੱਡ ਗੋਲੀ ਨਾਲ ਹਮਲਾ ਕਰ ਦਿਤਾ। ਇਕ ਸਿਪਾਹੀ ਜ਼ਖਮੀ ਹੋਇਆ ਤਾਂ ਬਾਕੀ ਦੇ ਦੜ ਵਟ ਗਏ। ਵਰਿਆਮ ਸਿੰਘ ਸੱਜੇ ਪਾਸੇ ਗੋਲੀਆਂ ਛਡਦਾ ਛਾਲਾਂ ਮਾਰਦਾ ਬਚ ਨਿਕਲਿਆ।

ਹੁਣ ਪੁਲਿਸ ਨੇ ਬਚ ਰਹੇ ਬੱਬਰਾਂ ਦੀਆਂ ਗ੍ਰਿਫਤਾਰੀਆਂ ਹੋਰ ਤੇਜ਼ ਕਰ ਦਿਤੀਆਂ। ਨਵੰਬਰ, ਦਸੰਬਰ ਤੇ ਜਨਵਰੀ ਵਿਚ ਤਕਰੀਬਨ ਸਾਰੇ ਬੱਬਰ ਫੜ ਲਏ ਗਏ। ਬਾਹਰ ਕੋਈ ਅੱਠ ਦੱਸ ਹੀ ਰਹਿ ਗਏ ਤੇ ਕੁਝ ਬਾਹਰ ਚਲੇ ਗਏ। ਆਗੂਆਂ ਵਿਚੋਂ ਸਿਰਫ ਵਰਿਆਮ ਸਿੰਘ ਧੁਗਾ ਹੀ ਬਾਹਰ ਸੀ, ਜੋ ਲਾਇਲਪੁਰ ਠੀਕਰੀ ਵਾਲੇ ਜਾ ਰਿਹਾ। ੪ ਅਪ੍ਰੈਲ ੧੯੨੪ ਤਕ ੯੧ ਗ੍ਰਿਫਤਾਰ ਬੱਬਰ ਸੈਸ਼ਨ ਸਪੁਰਦ ਕੀਤੇ ਗਏ ਅਤੇ ੨ ਜੂਨ ੧੯੨੪ ਨੂੰ ਮਿ: ਜੇ. ਕੇ. ਟੈਪ ਦੀ ਅਦਾਲਤ ਵਿਚ ਬੱਬਰ ਕੇਸ ਸ਼ੁਰੂ ਹੋਇਆ।

ਇਧਰ ਵਰਿਆਮ ਸਿੰਘ ਧੁਗਾ ਦੀ ਮੁਖਬਰੀ ਵੀ ਉਨ੍ਹਾਂ ਨੇ ਹੀ ਕਰ ਦਿਤੀ, ਜਿਨ੍ਹਾਂ ਕੋਲ ਉਹ ਰਹਿ ਰਿਹਾ ਸੀ। ੮ ਜੂਨ ੧੯੨੪ ਨੂੰ ਉਹ ਸਵੇਰੇ ਮੁਰੱਬਿਆਂ ਵਿਚ ਘੁੰਮ ਰਿਹਾ ਸੀ ਕਿ ਉਸ ਨੂੰ ਦੂਰੋਂ ਪੁਲਸ ਆਉਂਦੀ ਦਿਸੀ। ਉਹ ਭਜ ਕੇ ਆਪਣੇ ਕਮਰੇ ਵਿਚ ਪਹੁੰਚ ਗਿਆ ਤੇ ਆਪਣੀ ਰਾਈਫ਼ਲ ਸੰਭਾਲ ਉਸ ਨੇ ਪੁਲਿਸ ਵਲ ਗੋਲੀ ਛੱਡੀ। ਸਿਪਾਹੀ ਇਕ-ਦਮ ਲੰਮੇ ਪੈ ਗਏ ਤਾਂ ਸੁਪ੍ਰੰਟੈਂਡੈਂਟ ਡੀਮੇਲ ਨੇ ਫਿਰ ਅੱਗੇ ਵਧਣ ਦਾ ਹੁਕਮ ਦਿਤਾ। ਵਰਿਆਮ ਸਿੰਘ ਨੇ ਵਧਦਿਆਂ ਤੇ ਫ਼ਾਇਰ ਕੀਤੇ, ਸਿਪਾਹੀ ਉਠਦੇ ਲੰਮੇ ਪੈਂਦੇ ਵਧਦੇ ਰਹੇ। ਵਰਿਆਮ ਸਿੰਘ ਨੂੰ ਸ਼ੱਕ ਹੋਇਆ ਕਿ ਕਿਤੇ ਅੱਗ ਨਾ ਲਾ ਦੇਣ। ਉਸ ਨੇ ਇਕ-ਦਮ ਦਰਵਾਜ਼ਾ ਖੋਲ੍ਹ ਕੇ ਸਾਹਮਣੇ ਖੜੇ ਡੀਮੇਲ ਨੂੰ ਭੁੰਨ ਦਿਤਾ। ਅਗਿਓਂ ਵੀ ਜਵਾਬੀ ਗੋਲੀਆਂ ਦਾ ਮੀਂਹ ਵਰ੍ਹਿਆ ਤਾਂ ਵਰਿਆਮ ਸਿੰਘ ਛਾਨਣੀ ਹੋ ਸ਼ਹੀਦ ਹੋ ਗਿਆ।

ਬੱਬਰਾਂ ਦੀਆਂ ਮੈਦਾਨੇ ਜੰਗ ਵਿਚ ਪੁਰਜਾ ਪੁਰਜਾ ਕਟ ਕੇ ਆਖ਼ਰੀ ਦਮ ਤਕ ਗਰਜਦਿਆਂ ਹੋਇਆਂ ਸ਼ਹੀਦੀਆਂ ਦੇਣ ਨੇ ਇਲਾਕੇ ਵਿਚ ਧੁੰਮਾਂ ਪਾ ਦਿਤੀਆਂ। ਬਾਕੀ ਬਚੇ ਬੱਬਰ ਪੱਲਾ ਬਚਾ ਗਏ ਤੇ ਅੱਠ ਦਸ ਸਾਲ ਬਾਅਦ ਉਨ੍ਹਾਂ ਨੇ ਚੁਣਵੇਂ ਦੁਸ਼ਟਾਂ ਦਾ ਸਫਾਇਆ ਕੀਤਾ।

ਬੱਬਰ ਕੇਸ ਸ਼ੁਰੂ ਹੋਣ ਬਾਰੇ ਤੇ ਕਿਸ਼ਨ ਸਿੰਘ ਨੂੰ ਫਾਂਸੀ ਬਾਰੇ ਤਾਂ ਪਹਿਲਾਂ ਬਿਆਨਿਆ ਹੀ ਜਾ ਚੁਕਾ ਹੈ। ਇਹ ਕੇਸ ਜੋ ੨ ਜੂਨ ੧੯੨੪ ਨੂੰ ਸ਼ੁਰੂ ਤੇ ੨੯ ਜਨਵਰੀ ੧੯੨੫ ਨੂੰ ਮੈਜਿਸਟ੍ਰੇਟ ਦੇ ਲਗ ਕੇ ੨੮ ਫਰਵਰੀ ੧੯੨੫ ਨੂੰ ਇਸ ਦਾ ਫ਼ੈਸਲਾ ਦਿਤਾ ਗਿਆ। ਇਸ ਵਿਚ ੫ ਬੱਬਰਾਂ ਨੂੰ ਫਾਂਸੀ, ੧੧ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ, ੩੮ ਆਦਮੀਆਂ ਨੂੰ ਚਾਰ ਸਾਲ ਤੋਂ ਲੈ ਕੇ ੧੧ ਸਾਲ ਤਕ ਅੱਡ ਅੱਡ ਸਜ਼ਾਵਾਂ ਅਤੇ ੩੪ ਬਰੀ ਹੋਏ। ਕੁਝ ਕੁ ਨੇ ਅਪੀਲ ਵੀ ਕੀਤੀ, ਜਿਸ ਸਦਕਾ ਪੰਜ ਦੀ ਥਾਂ ਛੇ ਬੱਬਰਾਂ ਨੂੰ ਫਾਂਸੀ, ੩੮ ਨੂੰ ਦੋ ਮਹੀਨੇ ਤੋਂ ਲੈ ਕੇ ੭ ਸਾਲ ਤਕ



www.AKJ.Org

ਦੀ ਕੈਦ, ੧੦ ਨੂੰ ਕਾਲੇ ਪਾਣੀ ਦੀ ਸਜ਼ਾ ਤੇ ੩੪ ਨੂੰ ਬਰੀ ਕੀਤਾ ਗਿਆ। ੫ ਬੱਬਰ ਜੇਲ੍ਹਾਂ ਵਿਚ ਹੀ ਸ਼ਹੀਦ ਹੋ ਗਏ। ਫਾਂਸੀ ਚੜ੍ਹ ਕੇ ਸ਼ਹੀਦ ਹੋਣ ਵਾਲੇ ਬੱਬਰ ਸਨ—ਭਾਈ ਕਿਸ਼ਨ ਸਿੰਘ ਜੀ, ਭੁਜੰਗੀ ਦਲੀਪ ਸਿੰਘ ਜੀ, ਭਾਈ ਨੰਦ ਸਿੰਘ ਜੀ, ਭਾਈ ਕਰਮ ਸਿੰਘ ਜੀ ਐਡੀਟਰ, ਬਾਬੂ ਸੰਤਾ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ। ਕੁਲ ਮਿਲਾ ਕੇ ੨੮ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਬੱਬਰਾਂ ਨੇ ਖਿੜੇ ਮੱਥੇ ਇਹ ਸਜ਼ਾਵਾਂ ਪ੍ਰਵਾਨ ਕੀਤੀਆਂ, ਪਰ ਬੱਬਰ ਲਹਿਰ ਦਾ ਕੰਮ ਠੰਢਾ ਨਹੀਂ ਪਿਆ। ਕੁਝ ਕੁ ਜੋਸ਼ੀਲੇ ਬੱਬਰਾਂ ਨੇ ੧੯੩੨ ਤੋਂ ਫਿਰ ਬਦਲੇ ਲੈਣੇ ਸ਼ੁਰੂ ਕਰ ਦਿਤੇ। ਮਈ ੧੯੩੩ ਨੂੰ ਬੇਲਾ ਸਿੰਘ ਨੂੰ ਤੇ ਜੂਨ ੧੯੩੯ ਨੂੰ ਅਨੂਪ ਸਿੰਘ ਤੇ ਮਾਰਚ ੧੯੪੦ ਵਿਚ ਕਰਮ ਸਿੰਘ ਨੂੰ ਪਾਰ ਬੁਲਾਇਆ। ਗੁਰੂ ਕੇ ਬਾਗ ਵਿਚ ਮਾਰ ਕੁਟਾਈ ਕਰਵਾਣ ਵਾਲੇ ਬੀ. ਟੀ. ਐਸ. ਪੀ. ਦਾ ਵੀ ਪੰਜ ਬੱਬਰਾਂ ਨੇ ਕੰਡਾ ਵੱਢ ਦਿਤਾ। ਊਧਮ ਸਿੰਘ ਨੇ ਸੁਨਾਮ ਪਿੰਡ ਦੇ ਬੱਬਰ ਬਾਬੂ ਸੰਤਾ ਸਿੰਘ ਤੋਂ ਅਗਵਾਈ ਲੈ ਕੇ ਮਾਈਕਲ ਓਡਵਾਇਰ ਨੂੰ ੧੩ ਮਾਰਚ ੧੯੪੦ ਨੂੰ ਗੋਲੀਆਂ ਨਾਲ ਸਦਾ ਦੀ ਨੀਂਦੇ ਸੁਲਾ ਕੇ ਜਲ੍ਹਿਆਂ ਵਾਲੇ ਬਾਗ ਦੀ ਰੜਕ ਕੱਢ ਲਈ। ਇਨ੍ਹਾਂ ਸਭ ਬੱਬਰਾਂ ਨੂੰ ਵੀ ਫ਼ਾਂਸੀ ਦੀ ਸਜ਼ਾ ਭੁਗਤਣੀ ਪਈ।

ਬੱਬਰਾਂ ਨੇ ਸਿੱਖੀ ਅਣਖ ਨੂੰ ਮੁੜ ਸੁਰਜੀਤ ਕਰਨ ਅਤੇ ਧਾਰਮਿਕ ਅਸਥਾਨਾਂ ਨੂੰ ਬਦਚਲਨ, ਬਦਮਾਸ਼ ਅਤੇ ਅਧਰਮੀ ਉਦਾਸੀ ਸਾਧੂਆ ਦੇ ਪੰਜੇ ਤੋਂ ਮੁਕਤ ਕਰਨ ਲਈ ਅਕਾਲੀ ਲਹਿਰ ਨੂੰ ਮਿਲਵਰਤਣ ਦਿਤੀ। ਇਨ੍ਹਾਂ ਦੇ ਪ੍ਰੋਗਰਾਮ ਨੂੰ ਜੱਜ ਨੇ ਫ਼ੈਸਲੇ ਦੇ ਸਫੇ ਤਿੰਨ ਤੇ ਇਉਂ ਲਿਖਿਆ ਹੈ :

"ਭੜਕਾਊ ਤਕਰੀਰਾਂ ਅਤੇ ਇਨਕਲਾਬੀ ਪਰਚੇ ਛਾਪ ਕੇ, ਵੰਡ ਕੇ ਹਕੂਮਤ ਵਿਰੁਧ ਇਕ ਭਾਰੀ ਮੁਹਿੰਮ ਛੇੜੀ ਗਈ। ਨਾਲੋ ਨਾਲ ਅਜਿਹਾ ਤਹਲਕਾ ਵੀ ਮਚਾਉਣਾ ਚਾਹੁੰਦੇ ਜਿਸ ਨਾਲ ਗੌਰਮਿੰਟ ਦੇ ਵਫ਼ਾਦਾਰਾਂ ਤੇ ਮਦਦਗਾਰਾਂ ਦੇ ਸਾਹ ਸੁਕ ਜਾਣ, ਤਾਂ ਜੁ ਲਹਿਰ ਨੂੰ ਦਬਾਉਣ ਜਾਂ ਰੋਕਣ ਦੀਆਂ ਸਰਕਾਰੀ ਕੋਸ਼ਿਸ਼ਾਂ ਨਕਾਰਾ ਹੋ ਜਾਣ।"

ਇਨ੍ਹਾਂ ਦੀ ਸਭ ਤੋਂ ਵਡੀ ਪ੍ਰਾਪਤੀ ਇਹ ਵੀ ਸੀ ਕਿ ਇਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਲਈ ਇਕ ਵਾੜ ਦਾ ਕੰਮ ਕੀਤਾ। ਬੱਬਰਾਂ ਦਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਤੇ ਸਿੱਖ ਇਤਿਹਾਸ ਵਿਚ ਇਕ ਵਿਲੱਖਣ ਸਥਾਨ ਹੈ। ਉਨ੍ਹਾਂ ਨੇ ਇਤਿਹਾਸ ਦਾ ਜੋ ਜ ਅੱਖਰ ਲਿਖਿਆ, ਆਪਣੇ ਖ਼ੂਨ ਦੇ ਕਤਰੇ ਕਤਰੇ ਨਾਲ ਲਿਖਿਆ।

ਸੀਸ ਗੰਜ. ਅਕਤੂਬਰ ੮੯

# ਜੋਤਿ ਵਿਗਾਸ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਮਹਾਂ-ਕਾਵਿ 'ਜੋਤਿ ਵਿਗਾਸ' ਪੁਸਤਕ ਛਪ ਗਈ ਹੈ। ਇਹ ਪੁਸਤਕ ਹਜ਼ਾਰੀ ਬਾਗ ਜੇਲ੍ਹ ਵਿਚ ਲਗਾਤਾਰ ਸਤ ਦਿਨ ਤੇ ਸਤ ਰਾਤਾਂ ਭਾਈ ਸਾਹਿਬ ਇਲਾਹੀ ਰੰਗਾਂ ਵਿਚ ਆ-ਮੁਹਾਰੀ ਉਤਰ ਰਹੀ ਕਵਿਤਾ ਦੇ ਵੇਗ ਵਿਚ ਲਿਖੀ ਤੁਰੇ ਗਏ। ਇਸ ਪੁਸਤਕ ਵਿਚ ਰੂਹਾਨੀਅਤ ਦੇ ਵਖੋ ਵਖ ਚਮਤਕਾਰਾਂ ਦਾ ਬਿਆਨ ਪ੍ਰੇਮ-ਵਲਵਲੇ ਦੇ ਉਠਾਉ ਤੇ ਲਹਿਰਾਉ ਵਿਚ ਲੜੀ-ਬਝਵਾਂ ਚਲ ਰਿਹਾ ਹੈ। ਪੁਸਤਕ ਕੀ ਹੈ, ਗੁਰਮਤਿ ਵਿਆਖਿਆ ਦੀ ਅਧਿਭੁਤ ਛੰਦਾਵਲੀ ਹੈ, ਜਿਸ ਵਿਚ ਗੁਰਮਤਿ ਨਾਮ ਸਿਮਰਨ ਤੇ ਗੁਰਮਤਿ ਰਹਿਤ ਮਰਯਾਦਾ ਦਾ ਨਿਰਣਾ ਆ ਜਾਂਦਾ ਹੈ। ਕਾਗਜ਼ ਵਧੀਆ, ਦੋ ਰੰਗੀ ਛਪਾਈ, ਰੈਕਸੀਅਨ ਦੀ ਜਿਲਦ, ਭੇਟਾ 17-50

# ਸਿੱਖ : ਇਕ ਵੱਖਰੀ ਕੌਮ

ਸਿੱਖਾਂ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਰਾਜਨੀਤਕ ਵਿਰਸਾ 'ਸਿੱਖ ਕੌਮ' ਦੀ ਅਟੱਲ ਸੱਚਾਈ ਨੂੰ ਪਰਮਾਣਿਤ ਕਰਦਾ ਹੈ। 'ਕੌਮ' ਦੀਆਂ ਪਰਮਾਣਿਤ ਪਰਿਭਾਸ਼ਾਵਾਂ ਦੀ ਕਸੌਟੀ ਅਨੁਸਾਰ ਵੀ ਸਿੱਖ 'ਕੌਮ' ਪਦ ਦੇ ਅਧਿਕਾਰੀ ਹਨ। ਇਸ ਪੁਸਤਕ ਵਿਚ ਦੋ ਨਵੇਂ ਲੇਖਾਂ ਸਹਿਤ ੧੩ ਵਿਦਵਾਨਾਂ ਦੇ ਲੇਖ ਹਨ, ਜੋ ਸਿੱਖ ਕੌਮ ਦੀ ਵਿਲੱਖਣ ਹੋਂਦ ਦੇ ਸੱਚ ਨੂੰ ਵੱਖ ਵੱਖ ਪੱਖਾਂ ਤੋਂ ਦ੍ਰਿੜ੍ਹਾਉਂਦੇ ਹਨ। ਪੰਨੇ ੨੬੪, ਭੇਟਾ ਛੇ ਰੁਪਏ


www.AKJ.Org

# ਆਪਣਾ ਵਿਰਸਾ ਸੰਭਾਲ ਓਇ ਸਿੰਘਾ !

[ਵਲੋਂ—ਸ: ਨਰੈਣ ਸਿੰਘ ਜੀ, ਪਟਿਆਲਾ]

ਮੇਰੇ ਸਿਖ ਵੀਰ ! ਕੀ ਤੂੰ ਕਦੀ ਸੋਚਿਆ ਏ ਕਿ ਤੂੰ ਏਡਾ ਜੰਗਜੂ ਤੇ ਬਹਾਦਰ ਕਿਉਂ ਏਂ ? ਤੇਰੀ ਬੀਰਤਾ ਦੀਆਂ ਧੁੰਮਾਂ ਸੰਸਾਰ ਭਰ ਤੇ ਨੇ । ਦੋਹਾਂ ਵਡੇ ਵਿਸ਼ਵ ਜੰਗਾਂ ਅੰਦਰ ਤੇਰੇ ਵਿਖਾਏ ਹੱਥਾਂ ਨੂੰ ਕੌਣ ਭੁੱਲ ਸਕਦਾ ਏ ? ਮੈਸੋਪੋਟੇਮੀਆ ਤੇ ਗੈਲੀ ਪੋਲੀ ਦੇ ਮੈਦਾਨ, ਮਿਡਲ-ਈਸਟ ਤੇ ਉੱਤਰੀ ਅਫ਼ਰੀਕਾ ਦੀ ਧਰਤੀ ਅਤੇ ਇਮਫ਼ਾਲ ਤੋਂ ਮਨੀਪੁਰ ਦੇ ਜੰਗਲ ਅੱਜ ਵੀ ਪੁਕਾਰ ਪੁਕਾਰ ਕੇ ਕਹਿ ਰਹੇ ਨੇ, ਕਿ ਕੋਈ ਆਇਆ ਸੀ ਪੰਜਾਬ ਤੋਂ ਅਨੋਖੀ ਨੁਹਾਰ ਤੇ ਉਚੀ ਦਸਤਾਰ ਵਾਲਾ, ਜਿਸ ਦੀ 'ਵਾਹਿਗੁਰੂ ਜੀ ਕੀ ਫ਼ਤਹ' ਅਜ ਵੀ ਉਵੇਂ ਹੀ ਗੂੰਜਦੀ ਸੁਣਾਈ ਦੇਂਦੀ ਏ, ਜਿਵੇਂ ਉਸ ਨੇ ਉਨ੍ਹਾਂ ਥਾਵਾਂ ਤੇ ਇਹ ਗੁੰਜਾਈ ਸੀ* ।

ਦੂਰ ਨ ਜਾਓ, ਹਿਮਾਲਾ ਪਹਾੜ ਤੇ ਲਦਾਖ ਅਤੇ ਚਸ਼ੂਲ ਦੀਆਂ ਚੋਟੀਆਂ ਅਤੇ ਨੀਫ਼ਾ ਵਿਚ ਸੇਲਾ ਦੀਆਂ ਸਿਖਰੀਆਂ ਕੰਦਰਾਂ ਅਜ ਵੀ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡਦੀਆਂ ਪ੍ਰਤੀਤ ਹੁੰਦੀਆਂ ਨੇ । ਮੇਰੇ ਵੀਰ ਇਹ ਤੇਰੀ ਹੀ ਬੀਰਤਾ ਸੀ ਜਿਸ ਨੇ ਹਾਜੀ ਪੀਰ ਤੇ ਕਾਰਗਲ ਦੀਆਂ ਉਚਾਈਆਂ ਨੂੰ ਲੰਘ, ਪਾਕਿਸਤਾਨੀ ਜੋਧਿਆਂ ਨੂੰ ਪਿੰਡੀ ਦਾ ਰਾਹ ਵਿਖਾਇਆ । ਹਾਂ, ਇਹ ਤੂੰ ਹੀ ਸੈਂ ਜਿਸ ਨੇ ਸਿਆਲਕੋਟ ਤੇ ਖੇਮਕਰਨ ਦੇ ਮੈਦਾਨਾਂ ਵਿਚ ਸੈਂਕੜੇ ਪੈਟਨ ਟੈਂਕਾਂ ਨੂੰ ਬੇਹਿਸ ਕਰ ਕੇ ਦੁਨੀਆ ਨੂੰ ਦਸ ਦਿਤਾ ਕਿ ਸਿੱਖ ਦਾ ਗੁਰਦਾ ਅਮਰੀਕਾ ਦੇ ਪੈਟਨ ਟੈਂਕਾਂ ਤੋਂ ਕਈ ਗੁਣਾ ਵਜ਼ਨੀ ਅਤੇ ਸਿਖ ਦਾ ਸਵੈਮਾਨ ਉਸ ਦੇ ਜੈਟਾ ਤੋਂ ਕਿਤਨਾ ਵਧੇਰੇ ਤਿਖਾ ਏ ।

ਜਦੋਂ ਨਾਦਰ ਸ਼ਾਹ ਨੇ ਸੰਨ ੧੭੩੯ ਵਿਚ ਭਾਰਤ ਤੇ ਹਮਲਾ ਕੀਤਾ ਅਤੇ ਹਜ਼ਾਰਹਾ ਹਿੰਦੂਆਂ ਨੂੰ ਕਤਲ ਕਰਦਾ ਹੋਇਆ ਉਹ ਦਿਲੀ ਦੀ ਭਾਰੀ ਲੁਟ ਮਗਰੋਂ ਹਜ਼ਾਰਾਂ ਭਾਰਤੀ ਲੜਕੇ ਲੜਕੀਆਂ ਸਮੇਤ ਵਾਪਸ ਅਫ਼ਗਾਨਿ-ਸਤਾਨ ਨੂੰ ਪਰਤਿਆ ਤਾਂ ਰਸਤੇ ਵਿਚ ਸਿੰਘਾਂ ਨੇ ਕਈ ਵੇਰ ਛਾਪੇ ਮਾਰ ਕੇ ਦਿੱਲੀ ਦੀ ਲੁੱਟ ਦਾ ਮਾਲ ਇਸ ਪਾਸੋਂ ਖੋਹਿਆ ਅਤੇ ਕੈਦ ਕੀਤੇ ਲੜਕੇ ਲੜਕੀਆਂ ਨੂੰ ਛੁਡਾ ਲੈ ਗਏ । ਨਾਦਰ ਸ਼ਾਹ ਬਹੁਤ ਹੈਰਾਨ ਸੀ ਕਿ ਜਿਸ ਦੀ ਸ਼ਾਹੀ ਤਾਕਤ ਸਾਹਮਣੇ ਦਿੱਲੀ ਦੀ ਹਕੂਮਤ ਨਹੀਂ ਅੜ ਸਕੀ, ਇਹ ਕੌਣ ਹਨ ਜੋ ਉਸ ਨੂੰ ਲੁਟ ਲੈ ਜਾ ਰਹੇ ਹਨ ? ਇਸ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੂੰ ਪੁਛਿਆ ਕਿ "ਮੈਨੂੰ ਲੁੱਟਣ ਵਾਲੇ ਇਹ ਲੋਕ ਕੌਣ ਹਨ ਤੇ ਕਿਥੋਂ ਦੇ ਰਹਿਣ ਵਾਲੇ ਹਨ ? ਇਹਨਾਂ ਵਿਚ ਇਤਨੀ ਦਲੇਰੀ ਕਿਥੋਂ ਆਈ ਹੈ ਕਿ ਇਨ੍ਹਾਂ ਨੂੰ ਮੇਰਾ ਭੀ ਰਤਾ ਡਰ ਭੈ ਨਹੀਂ ?" ਜ਼ਕਰੀਆ ਖ਼ਾਨ ਨੇ ਉਤਰ ਦਿਤਾ, "ਇਹ ਫ਼ਕੀਰ ਲੋਕ ਹਨ, ਘੋੜਿਆਂ ਤੇ ਪਈਆਂ ਕਾਠੀਆਂ ਇਨ੍ਹਾਂ ਦੇ ਘਰ ਹਨ ਅਤੇ ਇਹ ਸਾਲ ਵਿਚ ਦੋ ਵਾਰ ਆਪਣੇ ਮੁਰਸ਼ਦ (ਗੁਰੂ) ਦੇ ਬਣਾਏ ਸਰੋਵਰ ਵਿਚ ਨਹਾਉਂਦੇ ਵੇਖੇ ਜਾਂਦੇ ਹਨ ਤੇ ਫਿਰ ਗ਼ਾਇਬ ਹੋ ਜਾਂਦੇ ਹਨ । ਇਨ੍ਹਾਂ ਦਾ ਮੁਰਸ਼ਦ ਵਲੀ ਅੱਲਾ ਹੋਇਆ ਹੈ ਜੋ ਇਨ੍ਹਾਂ ਨੂੰ ਐਸਾ ਆਬੇ-ਹਯਾਤ ਪਿਲਾ ਦੇਂਦਾ ਹੈ ਕਿ ਕਾਇਰ ਤੇ ਬੁਜ਼ਦਿਲ ਭੀ ਇਸ ਨੂੰ ਪੀ ਕੇ ਸ਼ੇਰ ਹੋ ਜਾਂਦੇ ਹਨ ।"

ਪੰਥ ਪ੍ਰਕਾਸ਼ ਵਿਚ ਇਸ ਬਾਰੇ ਇਉਂ ਲਿਖਿਆ ਹੈ :

---

* 'Tiger Kills' ਨਾਮ ਦੀ ਪੁਸਤਕ ਦੇ ਸਫ਼ਾ ੩੯-੪੦ ਤੇ ਇਸ ਦਾ ਲੇਖਕ ਇਕ ਅੰਗਰੇਜ਼ ਜਰਨੈਲ ਮਿਡਲ ਈਸਟ ਤੇ ਉਤਰੀ ਅਫ਼ਰੀਕਾ ਵਿਚ ਦੂਜੇ ਵਿਸ਼ਵ ਜੰਗ ਸਮੇਂ ਸਿੰਘਾਂ ਦੀ ਵਿਖਾਈ ਬਹਾਦਰੀ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਏ :—

**With a roar of 'Wahguru ji ki Fateh' (To God the glory & victory) they swept up to the position and within five minutes all was over. The brave Naik Chanan Singn accounted for two heavy machine guns before a third killed him...........The foreern hope had succeeded.**

ਅਰਥਾਤ 'ਵਾਹਿਗੁਰੂ ਜੀ ਕੀ ਫ਼ਤਹ' ਦੀ ਇਕ ਗਰਜ ਨਾਲ ਉਨ੍ਹਾਂ ਨੇ ਹਾਲਾਤ ਤੇ ਕਾਬੂ ਪਾ ਲਿਆ ਅਤੇ ਪੰਜ ਮਿੰਟਾਂ ਵਿਚ ਸਾਰੀ ਖੇਡ ਖਤਮ ਕਰ ਦਿਤੀ । ਬਹਾਦਰ ਨੈਕ ਚੰਨਣ ਸਿੰਘ ਦੋ ਭਾਰੀਆਂ ਮਸ਼ੀਨ-ਗੰਨਾਂ ਨੂੰ ਕਬਜ਼ੇ ਵਿਚ ਕਰ ਲੈਣ ਮਗਰੋਂ ਤੀਜੀ ਦੇ ਗੋਲੇ ਨਾਲ ਮਾਰਿਆ ਗਿਆ......ਪਰ ਹਾਰੀ ਹੋਈ ਬਾਜ਼ੀ ਜਿਤੀ ਗਈ ।



www.AKJ.Org

ਮੁਰਸ਼ਦ ਇਨਕਾ ਵਲੀ ਭਇਓ ਹੈ। ਇਨ ਕੋ ਆਬਿ ਹਯਾਤ ਦਇਓ ਹੈ।
ਗ਼ਜ਼ਬ ਅਸਰ ਇਸ ਕਾ ਹਮ ਦੇਖਾ। ਬੁਜ਼ਦਿਲ ਹੋਵਤ ਸ਼ੇਰ ਬਸੇਖਾ।

ਇਹ ਸੁਣ ਕੇ ਨਾਦਰ ਸ਼ਾਹ ਨੇ ਜ਼ਕਰੀਆ ਖ਼ਾਨ ਨੂੰ ਕਿਹਾ, "ਤੈਨੂੰ ਖ਼ਬਰਦਾਰ ਹੋ ਕੇ ਰਹਿਣਾ ਚਾਹੀਦਾ ਹੈ, ਉਹ ਦਿਨ ਦੂਰ ਨਹੀਂ ਜਿਸ ਦਿਨ ਇਹ ਲੋਕ ਤੇਰੇ ਦੇਸ਼ ਦੇ ਬਾਦਸ਼ਾਹ ਹੋਣਗੇ।"

ਮੇਰੇ ਵੀਰ, ਕਦੀ ਸੋਚਿਆ ਈ, ਉਹ ਕੀ ਸੀ ਜਿਸ ਨੇ ਨਾਦਰ ਸ਼ਾਹ ਨੂੰ ਸਿੰਘਾਂ ਬਾਰੇ ਇਹ ਕਹਿਣ ਲਈ ਮਜਬੂਰ ਕੀਤਾ ?

ਦੋ ਸੌ ਸਾਲ ਹੋਏ, ਜਦੋਂ ਅਹਿਮਦ ਸ਼ਾਹ ਅਬਦਾਲੀ ਹਜ਼ਾਰਾਂ ਬੁਰਛੇ ਪਠਾਣਾਂ ਦੀ ਫ਼ੌਜ ਲੈ ਕੇ ਭਾਰਤ ਤੇ ਚੜ੍ਹ ਆਇਆ ਅਤੇ ਵਡੇ ਵਡੇ ਭਾਰਤੀ ਜੋਧੇ ਰਾਜਪੂਤ, ਮਰਹੱਟੇ ਤੇ ਜਾਟ ਉਸ ਦੇ ਸਾਹਮਣੇ ਨਾ ਖਲੋ ਸਕੇ। ਉਸ ਦੇ ਹੱਥੋਂ ਇਹ ਬੇਪਤ ਹੀ ਨਹੀਂ ਹੋਏ, ਬਲਕਿ ਲਖੂਖਹਾ ਰੁਪਏ ਦਾ ਸੋਨਾ ਚਾਂਦੀ ਤੇ ਮਾਲ ਮਤਾਹ ਅਬਦਾਲੀ ਇਨ੍ਹਾਂ ਦੇ ਘਰਾਂ ਵਿਚੋਂ ਕਢ ਕੇ ਲੈ ਗਿਆ ਅਤੇ ਜੋ ਨੌਜਵਾਨ ਖ਼ੂਬਸੂਰਤ ਲੜਕੀ ਜਾਂ ਲੜਕਾ ਉਸ ਦੇ ਹੱਥ ਲਗਾ, ਭੇਡਾਂ ਵਾਂਗ ਹੱਕ ਲੈ ਤੁਰਿਆ। ਇਹਨਾਂ ਦੀ ਗਿਣਤੀ ਅਠਾਰ੍ਹਾਂ ਹਜ਼ਾਰ ਦੀ ਦਸੀ ਜਾਂਦੀ ਏ। ਪਰ ਕਿਸੇ ਵੀ ਭਾਰਤ ਮਾਂ ਦੇ ਪੁੱਤਰ ਨੇ ਆਹ ਨਾ ਮਾਰੀ ਅਤੇ ਨਾ ਇਨ੍ਹਾਂ ਨੂੰ ਛੁਡਾਉਣ ਲਈ ਅਗਾਹਾਂ ਹੀ ਵਧਿਆ। ਇਹ ਰਾਵੀ ਤੇ ਝਨਾਂ ਦੇ ਵਿਚਾਲੇ ਦਬਾ ਦਬ ਆਪਣੇ ਦੇਸ਼ ਵਲ ਨੂੰ ਧਾਈ ਕਰੀ ਜਾ ਰਿਹਾ ਸੀ ਕਿ ਸਿੰਘ ਸੂਰਬੀਰ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਭਾਰਤ ਦੀ ਇਸ ਹੋਈ ਬੇਪਤੀ ਦੀ ਸੋਅ ਪਈ। ਸਿੰਘ ਸੂਰਮਾ ਕਦੋਂ ਸਹਿ ਸਕਦਾ ਸੀ ਕਿ ਭਾਰਤ ਦੀਆਂ ਅਨਾਥ ਤੇ ਵਿਲਕਦੀਆਂ ਕੰਨਿਆਂ ਨੂੰ ਬੁਰਛੇ ਪਠਾਣ ਇਸ ਤਰ੍ਹਾਂ ਚੁਕ ਲੈ ਜਾਣ ? ਇਸ ਦੀਆਂ ਰਗਾਂ ਅੰਦਰ ਖ਼ੂਨ ਖਉਲਿਆ, ਸਿੰਘ ਦੇ ਸਵੈਮਾਨ ਦਾ ਤਕਾਜ਼ਾ ਸੀ, ਸਿੰਘਾਂ ਦੇ ਸਿੰਘਊਪੁਣੇ ਨੂੰ ਲਾਜ ਲਗਦੀ ਸੀ ! ਕੀ ਗੁਰੂ ਗੋਬਿੰਦ ਸਿੰਘ ਦੇ ਸਿੰਘ ਜੀਊਂਦੇ ਰਹਿਣਗੇ ਜੇਕਰ ਭਾਰਤ ਦੀ ਅਸਮਤ ਇਸ ਤਰ੍ਹਾਂ ਲੁਟੀ ਗਈ ? ਕੀ ਸਿੰਘ ਦੀ ਸਾਜਨਾ ਇਸ ਲਈ ਕੀਤੀ ਗਈ ਸੀ ਕਿ ਉਹ ਜੰਗਲਾਂ ਵਿਚ ਬੈਠਾ ਮਾਲਾ ਹੀ ਫੇਰਦਾ ਰਹੇ ਅਤੇ ਭਾਰਤ ਦੇ ਬੱਚੇ ਬੱਚੀਆਂ ਇਸ ਤਰ੍ਹਾਂ ਬੇਇਜ਼ਤ ਹੁੰਦੇ ਤੇ ਗੁਲਾਮ ਬਣਾਏ ਜਾਂਦੇ ਰਹਿਣ ? ਕੀ ਮਾਲਾ ਫੇਰਨ ਵਾਲੇ ਸਿਧ ਸਾਧ ਸੰਤ ਤੇ ਜੋਗੀ ਭਾਰਤ ਅੰਦਰ ਪਹਿਲੋਂ ਥੋੜ੍ਹੇ ਸਨ ? ਗੁਰੂ ਗੋਬਿੰਦ ਸਿੰਘ ਨੇ ਤਾਂ ਸੰਤ ਸਿਪਾਹੀਆਂ ਦੀ ਜਮਾਤ ਪੈਦਾ ਕੀਤੀ ਸੀ, ਜਿਨ੍ਹਾਂ ਦਾ ਕਰਤੱਵ 'ਮੁਖ ਤੇ ਹਰਿ, ਚਿਤ ਮੈਂ ਜੁਧੁ ਬਿਚਾਰੈ' ਦਾ ਸੀ। ਸ: ਜੱਸਾ ਸਿੰਘ ਦੇ ਅੰਦਰ ਇਕ ਝੁਣਝੁਣੀ ਜੈਸੀ ਉਠੀ, ਸਰੀਰ ਰੋਹ ਨਾਲ ਕੰਬ ਗਿਆ। ਸਿੰਘ ਗਜਿਆ, "ਖਾਲਸਾ ਜੀ, ਮਜ਼ਲੂਮ ਧੀਆਂ ਤੇ ਭੈਣਾਂ ਦੀ ਕੁਰਲਾਹਟ ਧੁਰ ਦਰਗਾਹ ਜਾ ਪੁਜੀ ਏ। ਗੁਰੂ ਕਲਗੀਆਂ ਵਾਲਾ ਤੁਹਾਨੂੰ ਪੁਛਦਾ ਏ—

'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥' ਆਸਾ ਮ: ੧ ਪੰਨਾ ੩੬੦

ਖਾਲਸੇ ਲਈ ਖਾਣਾ ਪੀਣਾ ਹਰਾਮ ਏ, ਜਦੋਂ ਤਕ ਭਾਰਤ ਦੀ ਇਕ ਬੱਚੀ ਵੀ ਜਰਵਾਣਿਆਂ ਦੇ ਕਬਜ਼ੇ ਵਿਚ ਏ, ਤਿਆਰੀ ਕਰੋ, ਇਹ ਲੰਗਰ ਜੋ ਤਿਆਰ ਹੋ ਰਿਹਾ ਏ, ਅਸਾਂ ਉਨ੍ਹਾਂ ਬੱਚੀਆਂ ਨੂੰ ਖੁਲਾ ਕੇ ਖਾਣਾ ਏਂ।" ਜਥੇਦਾਰ ਦਾ ਇਹ ਕਹਿਣਾ ਕਿਸੇ ਅਗੰਮੀ ਹੁਕਮ ਦੇ ਸਮਾਨ ਸੀ। ਜਿਤਨੇ ਭੀ ਸਿੰਘ ਸਨ, ਸਨਦ-ਬਧ ਹੋ ਕੇ ਪਠਾਣਾਂ ਦੇ ਉਸ ਟੋਲੇ ਤੇ ਜਾ ਪਏ, ਜੋ ਅਠਾਰ੍ਹਾਂ ਹਜ਼ਾਰ ਕੰਨਿਆਂ ਨੂੰ ਆਪਣੇ ਘੇਰੇ ਵਿਚ ਲਈ ਤੁਰਿਆ ਜਾ ਰਿਹਾ ਸੀ। ਅਲ ਪਲ ਵਿਚ ਪਠਾਣ ਤਲਵਾਰ ਦੇ ਘਾਟ ਉਤਾਰੇ ਗਏ, ਜੋ ਬਚੇ ਭਜ ਗਏ, ਅਤੇ ਸਿੰਘ ਸੂਰਮਿਆਂ ਨੇ ਭਾਰਤੀ ਕੰਨਿਆਂ ਨੂੰ ਅਬਦਾਲੀ ਦੀ ਕੈਦ ਵਿਚੋਂ ਕੱਢ ਕੇ ਆਪਣੇ ਡੇਰੇ ਲਿਆਂਦਾ। ਪਹਿਲੋਂ ਉਨ੍ਹਾਂ ਨੂੰ ਲੰਗਰ ਵਰਤਾਇਆ, ਫਿਰ ਆਪ ਛਕਿਆ ਅਤੇ ਬੱਚੇ ਬੱਚੀਆਂ ਨੂੰ ਆਪੋ ਆਪਣੇ ਘਰੀਂ ਪਹੁੰਚਾਇਆ। ਗੋਕਲ ਚੰਦ ਨਾਰੰਗ ਇਹ ਘਟਨਾ ਆਪਣੀ ਪੁਸਤਕ 'Transformation of Sikhism' ਵਿਚ ਬਿਆਨ ਕਰਦਾ ਹੋਇਆ ਲਿਖਦਾ ਹੈ :

"From that day Jassa Singh came to be called 'Bandi-chhor' or liberator. This act of chivalry & patriotism not only endeared Jassa Singh to all classes of Hindus and increased his power and influence, but also tended to enhance the prestige aud opularity of the Sikhs."



www.AKJ.Org

ਅਰਥਾਤ "ਉਸ ਦਿਨ ਤੋਂ ਜੱਸਾ ਸਿੰਘ ਨੂੰ 'ਬੰਦੀ-ਛੋੜ' ਕਿਹਾ ਜਾਣ ਲਗਾ। ਇਸ ਸੂਰਮ-ਗਤੀ ਅਤੇ ਦੇਸ਼-ਪਿਆਰ ਨੇ ਜੱਸਾ ਸਿੰਘ ਨੂੰ ਸਾਰੀਆਂ ਸ਼ਰੇਣੀਆਂ ਦੇ ਹਿੰਦੂਆਂ ਅੰਦਰ ਹਰਮਨ ਪਿਆਰਾ ਬਨਾਉਣ ਤੋਂ ਇਲਾਵਾ ਉਸ ਦੀ ਤਾਕਤ ਤੇ ਰਸੂਖ ਹੀ ਨਹੀਂ ਵਧਾਇਆ ਸਗੋਂ ਸਿਖਾਂ ਦੇ ਵਕਾਰ ਤੇ ਸੋਭਾ ਵਿਚ ਸਮੁਚੇ ਤੌਰ ਤੇ ਵਾਧਾ ਕੀਤਾ।"

ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ, ਕਿ ਤੂੰ ਏਡਾ ਜਾਨਬਾਜ਼ ਕਿਉਂ ਏਂ ? ਤੂੰ ਸਦਕੇ ਕੀਤਾ ਆਪਣਾ ਆਪ ਧਰਮ ਦੇ ਨਾਮ ਤੋਂ, ਸੱਚ ਦੀ ਦ੍ਰਿੜ੍ਹਤਾ ਤੋਂ, ਦੀਨ ਦੁਖੀ ਦੀ ਪੁਕਾਰ ਤੋਂ, ਤੂੰ ਚਿਣਿਆ ਗਿਆ ਦੀਵਾਰਾਂ ਵਿਚ, ਤੂੰ ਬੈਠਾਇਆ ਗਿਆ ਉਬਲਦੀਆਂ ਦੇਗਾਂ ਵਿਚ, ਤੂੰ ਚੀਰਿਆ ਗਿਆ ਆਰਿਆਂ ਨਾਲ, ਤੂੰ ਨੋਚਿਆ ਗਿਆ ਜੰਬੂਰਾਂ ਨਾਲ, ਤੂੰ ਚਾੜ੍ਹਿਆ ਗਿਆ ਚਰਖੜੀ ਤੇ, ਤੂੰ ਕਟਾਇਆ ਬੰਦ ਬੰਦ, ਤੂੰ ਉਤਰਵਾਈ ਖੋਪਰੀ, ਤੂੰ ਕਰਾਇਆ ਟੋਟੇ ਟੋਟੇ ਮਾਸੂਮ ਬੱਚਿਆਂ ਨੂੰ ਤੇ ਬਣਵਾਏ ਹਾਰ ਗਲੇ ਦੇ ਉਨ੍ਹਾਂ ਦੀਆਂ ਬੋਟੀਆਂ ਤੋਂ, ਤੂੰ ਸਾੜਿਆ ਗਿਆ ਮਿਟੀ ਦੇ ਤੇਲ ਪਾ ਕੇ, ਤੂੰ ਬਣਿਆ ਨਿਸ਼ਾਨਾ ਗੋਲੀਆਂ ਦਾ, ਤੂੰ ਖਾਧੀਆਂ ਮਾਰਾਂ ਡਾਂਗਾਂ ਦੀਆਂ ਅਤੇ ਤੁੜਾਏ ਬੰਦ ਬੰਦ, ਤੂੰ ਚੜ੍ਹਿਆ ਫਾਂਸੀ ਦੇ ਤਖਤਿਆਂ ਉਤੇ ਅਤੇ ਚੁੰਮਿਆਂ ਫਾਂਸੀ ਦੀ ਰੱਸੀ ਨੂੰ, ਤੂੰ ਹੋਇਆ ਕੀਮਾ ਕੀਮਾ ਤੇ ਕਟਿਆ ਗਿਆ ਗਡੀਆਂ ਹੇਠ, ਪਰ ਨਹੀਂ ਉਫ਼ ਕੀਤੀ ਇਕ ਵੇਰ ਭੀ, ਨਾ ਹਾਰਿਆ ਸਿਦਕ, ਪਰ ਕਰ ਦਿਤਾ ਕੁਰਬਾਨ ਆਪਣਾ ਆਪ ਸਿੱਖੀ ਤੇ ਦੇਸ਼ ਦੇ ਨਾਮ ਤੋਂ। ਚੇਤੇ ਕਰ ਹਿੰਦ ਦੇ ਸ਼ਹਿਨਸ਼ਾਹ ਬਹਾਦਰ ਸ਼ਾਹ ਦਾ ਉਹ ਹੁਕਮ, ਜੋ ਉਸ ਨੇ ੧੦ ਦਸੰਬਰ ਸੰਨ ੧੭੧੦ ਨੂੰ ਇਨ੍ਹਾਂ ਸ਼ਬਦਾਂ ਵਿਚ ਦਿਤਾ ਸੀ :

"ਨਾਨਕ ਪਰੱਸਤਾਂ ਰਾ ਹਰ ਜਾ ਕਿ ਬਾਇੰਦ ਬਾ-ਕਤਲ ਰਸਾਨੇਦ ॥" ਅਰਥਾਤ, "ਨਾਨਕ ਨਾਮ-ਲੇਵਾ ਜਿਥੇ ਭੀ ਹੋਣ, ਕਤਲ ਕਰ ਦਿਤੇ ਜਾਣ।" ਇਹੋ ਹੁਕਮ ਫ਼ਰੱਖਸੀਅਰ ਨੇ ਦਿਤਾ, ਜਦੋਂ ਉਹ ਦਿੱਲੀ ਦੇ ਤਖ਼ਤ ਤੇ ਬੈਠਾ। ਮੁਸਲਮਾਨ ਇਤਿਹਾਸਕਾਰ ਸਈਅਦ ਮੁਹੰਮਦ ਲਤੀਫ਼ ਆਪਣੀ ਕਿਤਾਬ 'ਪੰਜਾਬ ਦੇ ਇਤਿਹਾਸ' ਵਿਚ ਲਿਖਦਾ ਏ ਕਿ ਜਦੋਂ ਜ਼ਕਰੀਆ ਖ਼ਾਨ, ਯਾਹੀਆ ਖ਼ਾਨ ਅਤੇ ਮੀਰ ਮੰਨੂੰ ਲਾਹੌਰ ਦੇ ਗਵਰਨਰ ਰਹੇ, ਉਨ੍ਹਾਂ ਸਮਿਆਂ ਵਿਚ ਹਰ ਰੋਜ਼ ਹਜ਼ਾਰਾਂ ਸਿਖ ਬਾਹਰ ਤੋਂ ਫੜੇ ਆਉਂਦੇ ਅਤੇ ਲਾਹੌਰ ਦੀਆਂ ਗਲੀਆਂ ਵਿਚ ਤੇ ਦਿੱਲੀ ਦਰਵਾਜ਼ੇ ਨਖਾਸ ਵਿਚ ਦਿਨ ਦੀਵੀਂ ਸਰੇ ਬਾਜ਼ਾਰ ਖੜ੍ਹੇ ਕਰ ਕੇ ਕਤਲ ਕਰ ਦਿਤੇ ਜਾਂਦੇ। ਪਰ ਕੋਈ ਵੀ ਮੌਤੋਂ ਬਚ ਨਿਕਲਣ ਲਈ ਤਰਲਾ ਨਾ ਲੈਂਦਾ। ਸਗੋਂ ਸਿਖ ਖੁਸ਼ੀ ਖੁਸ਼ੀ ਇਉਂ ਗਾਉਂਦੇ ਸ਼ਹੀਦ ਹੋ ਜਾਂਦੇ :

'ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਇ॥
ਜਿਉਂ ਜਿਉਂ ਮੰਨੂੰ ਵਢਦਾ, ਅਸੀਂ ਦੂਣ ਸਵਾਏ ਹੋਇ॥'

ਮੇਰੇ ਵੀਰ, ਕਦੀ ਸੋਚਿਆ ਈ ਕਿ ਤੇਰਾ ਏਡਾ ਜੇਰਾ ਕਿਉਂ ਏ ? ਕਿਥੋਂ ਲਈ ਏ ਤੂੰ ਏਡੀ ਜਰਨ-ਸ਼ਕਤੀ ? ਉਹ ਕੀ ਏ ਤੇਰੇ ਵਿਚ, ਜਿਸ ਨੇ ਕਰ ਦਿਤਾ ਏ ਏਡਾ ਬਲਵਾਨ ਤੇ ਹੱਠੀ ਤੈਨੂੰ ? ਤੇਰੀਆਂ ਗੱਲਾਂ ਸੁਣ ਕੇ ਲੂੰ ਕੰਡੇ ਹੋ ਜਾਂਦੇ ਨੇ, ਪਰ ਤੂੰ ਨਹੀਂ ਡੋਲਿਆ ਇਨ੍ਹਾਂ ਨੂੰ ਸਹਿੰਦਾ ਹੋਇਆ ਵੀ। ਕਦੀ ਸੋਚਿਆ ਈ ਇਹ ਕਿਉਂ ਏਂ ?

ਥੋੜ੍ਹੇ ਕੀਤੇ, ਮਨੁੱਖ ਆਪਣੇ ਵੈਰੀ ਦੀ ਚੰਗਿਆਈ ਕਦੀ ਨਹੀਂ ਦਸਦਾ। ਜਿਸ ਕਿਸੇ ਨੂੰ ਉਸ ਦੇ ਦੁਸ਼ਮਣ ਭੀ ਚੰਗਾ ਕਹਿੰਦੇ ਹੋਣ, ਉਸ ਦੇ ਚੰਗੇ ਹੋਣ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ। ਕਾਜ਼ੀ ਨੂਰ ਮੁਹੰਮਦ ਨਾਮ ਦਾ ਇਕ ਮੁਸਲਮਾਨ ਲੇਖਕ ਜੋ ਸਿਖਾਂ ਦਾ ਕੱਟੜ ਵਿਰੋਧੀ ਸੀ ਅਤੇ ਜੋ ਥਾਂ ਪਰ ਥਾਂ ਸਿਖਾਂ ਲਈ 'ਸਗ' (ਕੁੱਤਾ) ਸ਼ਬਦ ਵਰਤਦਾ ਏ, ਆਪਣੀ ਕਿਤਾਬ 'ਜੰਗ ਨਾਮਾ' ਵਿਚ ਸਿਖਾਂ ਬਾਰੇ ਇਉਂ ਲਿਖਦਾ ਏ :

"ਉਹ (ਸਿਖ) ਕਿਸੇ ਕਾਇਰ ਨੂੰ ਕਦੀ ਵੀ ਨਹੀਂ ਮਾਰਦੇ, ਨਾ ਕਿਸੇ ਭਗੋੜੇ ਹੋ ਗਏ ਦਾ ਰਾਹ ਰੋਕਦੇ ਨੇ। ਉਹ ਕਿਸੇ ਔਰਤ ਦਾ, ਭਾਵੇਂ ਉਹ ਕਿਸੇ ਤਕੜੇ ਘਰ ਦੀ ਹੋਵੇ ਜਾਂ ਕਮੀਨ ਘਰ ਦੀ, ਜ਼ੇਵਰ ਅਤੇ ਧਨ ਮਾਲ ਕਦੀ ਨਹੀਂ ਲੁਟਦੇ। ਇਨ੍ਹਾਂ ਕੁੱਤਿਆਂ ਵਿਚ ਵਿਭਚਾਰ ਦਾ ਨਾਮ ਨਿਸ਼ਾਨ ਨਹੀਂ, ਨਾ ਇਹ ਬਦਮਾਸ਼ ਚੋਰੀ ਹੀ ਕਰਦੇ ਨੇ। ਔਰਤ ਜਵਾਨ ਹੋਵੇ ਭਾਵੇਂ ਬੁਢੀ, ਇਹ ਉਸ ਨੂੰ 'ਬੁੜ੍ਹੀਆ' ਹੀ ਕਹਿੰਦੇ ਨੇ ਅਤੇ ਜੇ ਰਾਹ ਖਹਿੜੇ ਇਨ੍ਹਾਂ ਨੂੰ ਜ਼ਨਾਨੀ ਮਿਲ ਜਾਵੇ ਤਾਂ ਉਸ ਨੂੰ ਇਕ ਬੰਨੇ ਹਟ ਜਾਣ ਲਈ ਕਹਿ ਦੇਂਦੇ ਨੇ। (ਭਾਰਤੀ ਬੋਲੀ ਵਿਚ 'ਬੁੜ੍ਹੀਆ' ਸ਼ਬਦ ਬੁਢੀ ਔਰਤ ਲਈ ਵਰਤਿਆ ਜਾਂਦਾ ਏ)। ਇਨ੍ਹਾਂ ਕੁੱਤਿਆਂ ਵਿਚ ਚੋਰ ਕੋਈ ਨਹੀਂ ਹੁੰਦਾ, ਸੰਨ੍ਹ ਮਾਰਨ (ਪਾੜ ਲਾਉਣ)



www.AKJ.Org

ਵਾਲਾ ਤਾਂ ਇਨ੍ਹਾਂ ਨੀਚਾਂ ਵਿਚ ਜੰਮਦਾ ਹੀ ਨਹੀਂ। ਭਾਵੇਂ ਸਮੁਚੇ ਤੌਰ ਤੇ ਇਨ੍ਹਾਂ ਦਾ ਵਰਤਣ ਵਿਹਾਰ ਪਰਸ਼ੰਸਾ ਯੋਗ ਨਹੀਂ, ਪਰ ਇਹ ਜ਼ਨਾਹਕਾਰ ਅਤੇ ਚੋਰ ਨਾਲ ਤਾਂ ਕਦੀ ਵੀ ਭਾਈਚਾਰਾ ਨਹੀਂ ਪਾਉਂਦੇ।''

ਕਾਜ਼ੀ ਨੂਰ ਮੁਹੰਮਦ ਇਉਂ ਲਿਖਦਾ ਲਿਖਦਾ ਸਿੰਘ ਦੀ ਵਡਿਆਈ ਤੋਂ ਇਤਨਾ ਪ੍ਰਭਾਵਤ ਹੁੰਦਾ ਏ ਕਿ ਇਸ ਬਿਆਨ ਦੇ ਅਖ਼ੀਰ ਤੇ ਉਹ ਇਹ ਕਹੇ ਬਿਨਾ ਨਹੀਂ ਰਹਿ ਸਕਦਾ ਕਿ 'ਇਨ੍ਹਾਂ ਕੁੱਤਿਆ ਨੂੰ ਕੁੱਤਾ ਨ ਕਹੋ, ਕਿਉਂਕਿ ਇਹ ਤਾਂ ਸ਼ੇਰਾਂ ਵਾਂਙ ਦਲੇਰ ਹਨ।' ਨੂਰ ਮੁਹੰਮਦ ਦੇ ਆਪਣੇ ਸ਼ਬਦ ਫ਼ਾਰਸੀ ਬੋਲੀ ਵਿਚ ਇਉਂ ਨੇ :

''ਸਗਾਂ ਰਾ ਮਗੋ ਸਗ ਕਿ ਹਸਤੰਦ ਦਲੇਰ। ਬ ਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ।''

ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ ਕਿ ਤੇਰੇ ਵਿਚ ਕੀ ਗੁਣ ਸਨ, ਜਿਨ੍ਹਾਂ ਦੀ ਤੇਰੇ ਵੈਰੀ ਵੀ ਪਰਸੰਸਾ ਕਰਦੇ ਸੀ ? ਕੀ ਅੱਜ ਵੀ ਤੂੰ ਇਨ੍ਹਾਂ ਗੁਣਾਂ ਨੂੰ ਅਪਣਾਉਂਦਾ ਏਂ ?

ਔਰੰਗਜ਼ੇਬ, ਬਹਾਦਰ ਸ਼ਾਹ ਤੇ ਫ਼ਰਖਸੀਅਰ ਵਰਗੇ ਮੁਗ਼ਲ ਹੁਕਮਰਾਨ ਸਿੰਘਾਂ ਨੂੰ ਮਾਰਦੇ ਮਾਰਦੇ ਥਕ ਹੁਟੇ, ਪਰ ਸਿੰਘਾਂ ਦਾ ਖੁਰਾ ਖੋਜ ਨ ਮਿਟਾ ਸਕੇ। ਜਿਉਂ ਜਿਉਂ ਇਹ ਉਨ੍ਹਾਂ ਨੂੰ ਮਾਰਦੇ ਉਹ ਵਧਦੇ ਜਾਂਦੇ, ਉਨ੍ਹਾਂ ਦੀ ਹੱਠ-ਧਰਮੀ ਹੋਰ ਮਜ਼ਬੂਤ ਹੁੰਦੀ ਜਾਂਦੀ। ਅਖ਼ੀਰ ਹਕੂਮਤ ਨੇ ਆਪਣਾ ਰੁਖ਼ ਬਦਲਿਆ, ਮਾਰਨ ਦੀ ਥਾਂ ਉਨ੍ਹਾਂ ਨੂੰ ਅਪਣਾਉਣ ਦੀ ਚਾਲ ਚਲਣੀ ਅਰੰਭੀ। ਹਕੂਮਤ ਚਾਹੁੰਦੀ ਸੀ ਕਿ ਉਨ੍ਹਾਂ ਵਿਚੋਂ ਕੁਝ ਸਿੰਘਾਂ ਨੂੰ ਨਵਾਬੀਆਂ ਤੇ ਵਜ਼ੀਰੀਆਂ ਦੇ ਲਾਲਚ ਦੇ ਕੇ ਪਾੜ ਲਿਆ ਜਾਏ। ਕੋਸ਼ਿਸ਼ ਕੀਤੀ ਗਈ, ਪਰ ਵੇਲੇ ਦੀ ਸਰਕਾਰ ਨੂੰ ਇਕ ਵੀ ਅਜਿਹਾ ਸਿੰਘ ਨ ਮਿਲਿਆ ਜੋ ਇਸ ਲਾਲਚ ਵਿਚ ਫਸ ਕੇ ਸਿੰਘਾਂ ਵੱਲ ਕੰਡ ਕਰਦਾ। ਕਿਉਂ ? ਕਿਉਂਕਿ ਕਿਸੇ ਸਿੰਘ ਦਾ ਆਪਣਾ ਕੁਝ ਨਹੀਂ ਸੀ, ਜੋ ਸੀ ਗੁਰੂ ਦਾ ਸੀ। ਨਿਜ ਸੁਆਰਥ ਕੋਈ ਨਹੀਂ ਸੀ। ਹਰ ਸਿੰਘ ਖ਼ਾਲਸੇ ਲਈ ਅਤੇ ਖ਼ਾਲਸਾ ਹਰ ਸਿੰਘ ਲਈ ਸੀ। ਨਿਜੀ ਮਾਲਕੀ ਨਹੀਂ ਸੀ, ਨਿਜੀ ਵਰਾਸਤ ਨਹੀਂ ਸੀ। ਸਭ ਬੱਚੇ ਬੱਚੀਆਂ ਖਾਲਸੇ ਦੇ ਸਨ, ਸਭ ਦੇ ਪਾਲਣ ਪਠਣ ਦੀ ਜ਼ਿੰਮੇਵਾਰੀ ਖਾਲਸੇ ਦੀ ਸੀ। ਖਾਲਸਾ ਇਕ ਸੰਗਠਨ ਸੀ, ਜਿਸ ਦੇ ਸਭ ਸਾਂਝੀਵਾਲ ਸਨ। ਹਰ ਕੋਈ ਖਾਲਸੇ ਲਈ ਜੀਊਂਦਾ ਸੀ, ਖਾਲਸੇ ਤੇ ਗੁਰੂ ਵਿਚ ਕੋਈ ਭਿੰਨਤਾ ਨਹੀਂ ਸੀ।

'ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਉਂ ਨਿਵਾਸ।'

ਇਹੋ ਕਾਰਨ ਸੀ ਕਿ ਹਰ ਸਿੰਘ ਖਾਲਸੇ ਦੀ ਬ੍ਰਿਧੀ ਤੇ ਖਾਲਸੇ ਦੀ ਵਡਿਆਈ ਚਾਹੁੰਦਾ ਸੀ। ਨਿਜੀ ਵਡਿਆਈ ਦਾ ਸਵਾਲ ਹੀ ਨਹੀਂ ਸੀ (ਅੱਜ ਵੀ ਅਰਦਾਸ ਤਾਂ ਅਸੀਂ ਇਹੋ ਕਰਦੇ ਹਾਂ, 'ਜਹਾਂ ਜਹਾਂ ਖਾਲਸਾ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ', ਅਤੇ 'ਖਾਲਸਾ ਜੀ ਕੇ ਬੋਲ ਬਾਲੇ', ਪਰ ਮੰਗਣ ਸਮੇਂ ਨਿਜੀ ਭਲੇ ਦਾ ਹੀ ਰਾਗ ਅਲਾਪਦੇ ਹਾਂ)। ਸਿੰਘ 'ਸਰਬੱਤ ਦਾ ਭਲਾ' ਮੰਗਦਾ ਸੀ। ਗਰੀਬੀ, ਨਿੰਮਰਤਾ, ਸੇਵਾ ਭਾਵਨਾ ਤੇ ਪਰਉਪਕਾਰ ਸਿੰਘ ਦੇ ਵਿਸ਼ੇਸ਼ ਗੁਣ ਸਨ। ਹਰ ਸਿੰਘ ਕਿਸੇ ਜ਼ਬਤ ਅੰਦਰ ਬੱਧਾ ਹੋਇਆ ਸੀ। ਸਿੰਘ ਦੀ ਸਮੁੱਚੀ ਰਹਿਣੀ ਤੇ ਕਰਨੀ ਬੰਦੀ ਅੰਦਰ ਸੀ, 'ਬੰਦੇ ਸੇ ਜਿ ਪਵਹਿ ਵਿਚਿ ਬੰਦੀ' (੪੬੫)। ਇਹ ਭੀ ਇਸੇ ਬੰਦੀ (discipline) ਦਾ ਸਿੱਟਾ ਸੀ ਕਿ ਹਕੂਮਤ ਨੂੰ ਇਕ ਭੀ ਸਿੰਘ ਅਜਿਹਾ ਨ ਮਿਲਿਆ ਜੋ ਉਸਦੀ ਦਿਤੀ ਨਵਾਬੀ ਕਬੂਲ ਕਰਦਾ। ਅਖ਼ੀਰ ਹਕੂਮਤ ਨੇ ਇਹ ਸੋਚਿਆ ਕਿ ਨਵਾਬੀ ਖ਼ਾਲਸੇ ਨੂੰ ਦੇ ਦਿਓ, ਉਹ ਜਿਸ ਨੂੰ ਚਾਹੇ ਨਵਾਬ ਥਾਪ ਦੇਵੇ। ਜਦੋਂ ਇਹ ਸਵਾਲ ਖਾਲਸੇ ਦੇ ਪੇਸ਼ ਹੋਇਆ ਅਤੇ ਨਵਾਬੀ ਲਈ ਦਰਖ਼ਾਸਤਾਂ ਮੰਗੀਆਂ ਗਈਆਂ ਤਾਂ (ਖਾਲਸੇ ਅੰਦਰਲੇ ਡਿਸਿਪਲਨ ਦੀ ਇਹ ਅਉਧੀ ਸੀ) ਕਿ ਕਿਸੇ ਸਿੰਘ ਨੇ ਭੀ ਨਵਾਬੀ ਲਈ ਆਪਣੇ ਆਪ ਨੂੰ ਪੇਸ਼ ਨ ਕੀਤਾ; ਚੁਨਾਂਚਿ ਖਾਲਸੇ ਨੇ ਆਪਣੇ ਘੋੜਿਆਂ ਦੇ ਅਸਤਬਲ ਵਾਲੇ ਕਪੂਰ ਸਿੰਘ ਨਾਮ ਦੇ ਸਿੰਘ ਨੂੰ ਨਵਾਬੀ ਪ੍ਰਵਾਨ ਕਰਨ ਦਾ ਹੁਕਮ ਦਿਤਾ। ਇਹੋ ਨਵਾਬ ਕਪੂਰ ਸਿੰਘ ਸਿਖ ਇਤਿਹਾਸ ਅੰਦਰ ਮਾਨਨੀਯ ਹਸਤੀ ਹੋਇਆ, ਜਿਸਦੇ ਨਾਮ ਤੇ ਹੀ ਕਪੂਰਥਲਾ ਕਾਇਮ ਹੈ। ਇਹ ਸੀ ਸਿੰਘ ਦਾ ਆਚਰਨ, ਜਿਸ ਉਤੇ ਸਿਖ ਹੀ ਨਹੀਂ, ਹਰ ਮਨੁੱਖ ਨਾਜ਼ ਕਰ ਸਕਦਾ ਏ। ਮੇਰੇ ਵੀਰ, ਕੀ ਤੂੰ ਕਦੀ ਫ਼ਖ਼ਰ ਕੀਤਾ ਏ ਐਸੇ ਸਿੰਘਾਂ ਦੀ ਅੰਸ਼ ਹੋਣ ਦਾ ? ਕੀ ਤੂੰ ਕਦੀ ਸੋਚਿਆ ਏ ਕਿ ਅਜਿਹੇ ਫ਼ਖ਼ਰ ਦੀ ਤਹਿ ਵਿਚ ਕੀ ਏ ਅਤੇ ਐਸੇ ਫ਼ਖ਼ਰ ਦਾ ਤੂੰ ਹੱਕ ਵੀ ਰਖਦਾ ਏਂ ?



www.AKJ.Org

ਗਿਆਰ੍ਹਵੀਂ ਸਦੀ ਤੋਂ ਅਠਾਰ੍ਹਵੀਂ ਸਦੀ ਈਸਵੀ ਤਕ ਜਿਹੜਾ ਭਾਰਤ ਜਣੇ ਖਣੇ ਦੀ ਰੰਨ ਬਣਿਆ ਰਿਹਾ ਅਤੇ ਜਿਸ ਦੇ ਸੁੰਦਰ ਮਹਿਲ ਵਿਚ ਲਗਾਏ ਪਾੜ ਸਤ ਸੌ ਸਾਲ ਤਕ ਮੁੰਦੇ ਨਾ ਜਾ ਸਕੇ, ਜਿਨ੍ਹਾਂ ਪਾੜਾਂ ਵਿਚ ਦੀ ਅਰਬਾਂ ਖਰਬਾਂ ਦਾ ਸੋਨਾ ਚਾਂਦੀ ਅਤੇ ਲਖਾਂ ਸੁੰਦਰ ਕੰਨਿਆਂ ਪਠਾਣ ਤੇ ਤੁਰਕ ਇਸ ਮਹਿਲ ਵਿਚੋਂ ਕੱਢ ਲੈ ਜਾਂਦੇ ਰਹੇ, ਉਹਨਾਂ ਪਾੜਾਂ ਨੂੰ ਮੁੰਦਣ ਦੀ ਸਮਰੱਥਾ ਭੀ, ਮੇਰੇ ਵੀਰ, ਤੇਰੇ ਬਜ਼ੁਰਗਾਂ ਨੂੰ ਹੀ ਹੋਈ, ਜਿਨ੍ਹਾਂ ਨੇ ਐਸਾ ਖੰਡਾ ਖੜਕਾਇਆ, ਜਿਸ ਦਾ ਵਾਸਤਾ ਪਾ ਕੇ ਅੱਜ ਵੀ ਖ਼ੈਬਰ ਦੀਆਂ ਪਠਾਣੀਆਂ ਆਪਣੇ ਰੋਂਦੇ ਬੱਚਿਆਂ ਨੂੰ ਚੁਪ ਕਰਾਉਂਦੀਆਂ ਨੇ। ਇਹ ਸੀ ਤੇਰੀ ਬੀਰਤਾ ਦੀ ਧਾਂਕ ਉਦੋਂ ਵੀ, ਜਦੋਂ ਭਾਰਤ ਦਾ ਬੱਚਾ ਬੱਚਾ ਤੇਰਾ ਦੁਸ਼ਮਣ ਸੀ ਅਤੇ ਹਾਥੀ ਦੇ ਦੰਦ ਵਾਂਗ ਤੇਰੇ ਮੋਏ ਦਾ ਮੁੱਲ ਜੀਊਂਦੇ ਨਾਲੋਂ ਵਧੇਰੇ ਸੀ, ਜਦੋਂ ਤੇਰਾ ਸਿਰ ਅੱਸੀ ਅੱਸੀ ਰੁਪਏ ਨੂੰ ਵਿਕਦਾ ਸੀ। ਪਰ ਤੂੰ ਭਾਰਤ ਦੇ ਸਪੁਤਰਾਂ ਵਾਂਗ ਉਸ ਵੇਲੇ ਭੀ ਇਸ ਦੀ ਅਜ਼ਾਦੀ ਹਿਤ ਆਪਣਾ ਸਭ ਕੁਝ ਵਾਰ ਦਿਤਾ। ਉਦੋਂ ਭੀ ਮੌਤ ਤੈਨੂੰ ਲਾੜੀ ਦਿਸਦੀ ਸੀ, ਜਿਸ ਨੂੰ ਤੂੰ ਆਪਣੇ ਲਹੂ ਰੰਗਿਆ ਚੂੜਾ ਪੇਸ਼ ਕਰਦਾ ਰਿਹਾ। ਤੂੰ ਖੇਡਦਾ ਰਿਹਾ ਸਦਾ ਹੀ ਆਪਣੀ ਜਾਨ ਦੀ ਖੇਡ ਕੇਵਲ ਇਸ ਲਈ, ਕਿ ਕੋਈ ਜਾਬਰ ਕਿਸੇ ਦੀਨ ਤੇ ਜਬਰ ਕਿਉਂ ਕਰੇ, ਕੋਈ ਕਿਸੇ ਦੀ ਅਸਮਤ ਵੱਲ ਕਿਉਂ ਤਕੇ।

ਵੀਰ, ਤੇਰੀ ਬੀਰਤਾ ਅਤੇ ਜਵਾਂ-ਮਰਦੀ ਉਤੇ ਦੁਸ਼ਮਣ ਵੀ ਵਾਹ ਵਾਹ ਕਰ ਉਠਦਾ ਸੀ। ਸਭਰਾਉਂ ਦੀ ਲੜਾਈ ਵਿਚ, ਇਹ ਜਾਣਦਿਆਂ ਹੋਇਆਂ ਕਿ ਤੇਰੇ ਆਪਣੇ ਜਰਨੈਲ ਭੀ ਤੈਨੂੰ ਦਗਾ ਦੇ ਗਏ ਸਨ ਅਤੇ ਤੇਰੇ ਲਈ ਅਜਿਹੇ ਹਾਲਾਤ ਵਿਚ ਵੈਰੀ ਉਤੇ ਜਿੱਤ ਪਾ ਸਕਣੀ ਕਿਸੇ ਤਰ੍ਹਾਂ ਭੀ ਸੰਭਵ ਨਹੀਂ ਸੀ, ਤੂੰ ਜਿਸ ਸੂਰਬੀਰਤਾ ਨਾਲ ਅੰਗਰੇਜ਼ ਦੇ ਉਲਟ ਲੜਿਆ ਅਤੇ ਵੈਰੀ ਦੀ ਈਨ ਮੰਨ ਲੈਣ ਨਾਲੋਂ ਜਾਨ ਤੇ ਖੇਡ ਜਾਣ ਨੂੰ ਚੰਗਾ ਜਾਣਿਆ, ਉਸ ਦੀ ਉਪਮਾ ਮੌਕੇ ਦਾ ਅੰਗਰੇਜ਼ ਜਰਨੈਲ ਸਰ ਜੋਜ਼ਫ਼ ਠੋਕਵੈਲ ਇਸ ਤਰ੍ਹਾਂ ਕਰਦਾ ਹੈ:

"ਭਾਵੇਂ ਉਨ੍ਹਾਂ (ਸਿਖਾਂ) ਦੀ ਹਾਰ ਯਕੀਨੀ ਸੀ, ਉਨ੍ਹਾਂ ਭਜ ਨਿਕਲਣਾ ਠੀਕ ਨਹੀਂ ਸਮਝਿਆ, ਬਲਕਿ ਉਨ੍ਹਾਂ ਤਲਵਾਰਾਂ ਧੂਹ ਲਈਆਂ ਤੇ ਅਖੀਰ ਦਮ ਤਕ ਲੜਦੇ ਗਏ।"

ਇਸ ਲੜਾਈ ਬਾਰੇ ਅੰਗਰੇਜ਼ ਕਮਾਂਡਰ ਲਾਰਡ ਗਫ ਲਿਖਦਾ ਏ:

"ਮੈਨੂੰ ਨੀਤੀ ਆਗਿਆ ਨਹੀਂ ਸੀ ਦੇਂਦੀ ਕਿ ਮੈਂ ਆਪਣੇ ਹਾਰੇ ਹੋਏ ਦੁਸ਼ਮਣ (ਸਿਖਾਂ) ਦੀ ਸ਼ਾਨਦਾਰ ਬਹਾਦਰੀ ਦਾ ਖੁਲ੍ਹੇ ਤੌਰ ਤੇ ਪ੍ਰਗਟਾਵਾ ਕਰਦਾ ਜਾਂ ਜੋ ਸੂਰਬੀਰਤਾ ਉਨ੍ਹਾਂ ਵਿਚੋਂ ਹਰ ਇਕ ਨੇ, ਭਾਵੇਂ ਉਹ ਸਰਦਾਰ ਸੀ ਜਾਂ ਸਿਪਾਹੀ, ਇਕੱਲੇ ਇਕੱਲੇ ਨੇ ਜਾਂ ਮਿਲਵੇਂ ਤੌਰ ਤੇ ਵਿਖਾਈ ਸੀ, ਉਸ ਸੰਬੰਧੀ ਆਪਣੇ ਜਜ਼ਬਾਤ ਉਘਾੜਦਾ, ਪਰੰਤੂ ਮੈਂ ਇਹ ਕਹਿਣੋਂ ਨਹੀਂ ਰਹਿ ਸਕਦਾ ਕਿ ਜੇਕਰ ਉਨ੍ਹਾਂ (ਸਿਖਾਂ) ਨੂੰ ਮਾਰਨ ਵਿਚ ਮੇਰੇ ਆਪਣੇ ਮੁਲਕ ਦੇ ਭਲੇ ਦਾ ਸਵਾਲ ਨ ਹੁੰਦਾ ਤਾਂ ਮੈਂ ਐਸੇ ਬਹਾਦਰਾਂ ਦੀ ਜਮਾਤ, ਜਿਸ ਨੇ ਆਪਣਾ ਸਭ ਕੁਝ ਸਿਖੀ ਦੇ ਨਾਮ ਤੋਂ ਕੁਰਬਾਨ ਕਰ ਦਿਤਾ ਹੋਇਆ ਸੀ, ਦੀ ਅਜਿਹੀ ਡਰਾਉਣੀ ਮੌਤ ਤੇ ਖ਼ੂਨ ਦੇ ਹੰਝੂ ਰੋਂਦਾ।"

ਸਿਖਾਂ ਦੀ ਅੰਗਰੇਜ਼ਾਂ ਨਾਲ ਲੜੀ ਦੂਜੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਜਰਨੈਲ ਠੋਕਵੈਲ ਲਿਖਦਾ ਏ:

"ਇਸ ਲੜਾਈ ਅਤੇ ਚਿੱਲੀਆਂ ਵਾਲੇ ਦੀ ਲੜਾਈ ਵਿਚ ਸਿਖ ਆਪਣੇ ਖੱਬੇ ਹੱਥ ਨਾਲ ਹਮਲਾ ਕਰਨ ਵਾਲੇ ਦੁਸ਼ਮਣਾਂ ਦੀਆਂ ਸੰਗੀਨਾਂ ਨੂੰ ਫੜ ਲੈਂਦੇ ਅਤੇ ਸੱਜੇ ਨਾਲ ਉਨ੍ਹਾਂ ਉਤੇ ਬੜੇ ਰੋਹ ਨਾਲ ਤਲਵਾਰ ਚਲਾਉਂਦੇ... ਕੇਵਲ ਏਨੀ ਗੱਲ ਹੀ ਦਸਦੀ ਏ ਕਿ ਇਹ ਲੋਕ ਕਿਤਨੇ ਕਮਾਲ ਦੇ ਦਲੇਰ ਨੇ...।"

ਮੇਰੇ ਵੀਰ ਤੂੰ ਪਲਟ ਦਿਤਾ ਸਾਂਦਲ, ਗੰਜੀ ਤੇ ਨੀਲੀ ਬਾਰਾਂ ਦੇ ਕੰਡਿਆਲੇ ਵੈਰਾਨਾਂ ਨੂੰ ਲਹਿਲਹਾਉਂਦੇ ਸਬਜ਼ਾਜ਼ਾਰ ਨਰਮਿਆਂ ਤੇ ਝੋਨਿਆਂ ਦੇ ਖੇਤਾਂ ਵਿਚ। ਤੇਰੇ ਪੁਟੇ ਵਣ, ਕਰੀਰ ਤੇ ਜੰਡ ਅਤੇ ਇਨ੍ਹਾਂ ਦੇ ਥਾਈਂ ਲਾਏ ਮਾਲਟਿਆਂ ਤੇ ਸੰਗਤਰਿਆਂ ਦੇ ਵਿਸ਼ਾਲ ਬਾਗ ਪਾਕਿਸਤਾਨ ਅੰਦਰ ਅੱਜ ਭੀ ਗਵਾਹੀ ਪਏ ਦੇਂਦੇ ਨੇ, ਕਿ ਤੂੰ ਕਦੀ



www.AKJ.Org

ਫੇਰਾ ਪਾਇਆ ਸੀ ਓਸ ਧਰਤੀ ਤੇ । ਯੂ. ਪੀ.* ਅੰਦਰ ਤਰਾਈ ਦੇ ਬਿਖੜੇ ਜੰਗਲਾਂ ਨੂੰ ਸਾਫ਼ ਕਰਨ ਅਤੇ ਮੀਲਾਂ ਬਧੀ ਕਮਾਦਾਂ ਦੀਆਂ ਪੈਲੀਆਂ ਉਪਜਾਉਣ ਵਾਲਾ ਤੇਰੇ ਬਿਨਾਂ ਕੌਣ ਸੀ ? ਬੀਕਾਨੇਰ ਦੇ ਰੇਤਲੇ ਥਲ ਕਿਸ ਨੇ ਆਬਾਦ ਕੀਤੇ ? ਭਾਰਤ ਵਿਚ ਹੀ ਨਹੀਂ, ਤੂੰ ਪਰਦੇਸ ਜਾਣੋਂ ਭੀ ਨਹੀਂ ਸੰਗਿਆ । ਕੈਨੇਡਾ, ਅਮਰੀਕਾ ਤੇ ਦਖਣੀ ਅਮਰੀਕਾ ਦੇ ਵਿਸ਼ਾਲ ਤੇ ਚੌੜੇ ਪੇਟ ਵਾਲੇ ਮੈਦਾਨ ਅਤੇ ਇਨ੍ਹਾਂ ਵਿਚ ਪੈਦਾ ਹੁੰਦੀ ਮਣਾਂ ਮੂੰਹੀਂ ਕਣਕ ਵੀ ਇਸ ਗੱਲ ਦੀ ਸਾਖ ਭਰਦੀ ਏ ਕਿ ਤੂੰ ਸਤ ਸਮੁੰਦਰ ਲੰਘ ਕੇ ਭੀ ਆਪਣੀ ਦਲੇਰੀ, ਦ੍ਰਿੜ੍ਹਤਾ ਅਤੇ ਮੁਸ਼ੱਕਤੀ ਹੋਣ ਦੇ ਗੁਣ ਨੂੰ ਨਹੀਂ ਭੁਲਿਆ । ਜੇ ਲੋੜ ਪਈ ਤਾਂ ਨਹਿਰਾਂ ਪੁੱਟਣ, ਕਾਨਾਂ ਖੋਦਣ ਤੇ ਪਹਾੜ ਢਾਉਣ ਤੇ ਸੜਕਾਂ ਸਿਧੀਆਂ ਕਰਨ ਵਿਚ ਭੀ ਤੂੰ ਸਭ ਤੋਂ ਅਗੇ ਸੈਂ । ਲੋਹੇ, ਲਕੜੀ, ਇੱਟਾਂ ਤੇ ਪੱਥਰਾਂ ਨਾਲ ਮੱਥਾ ਲਾਉਣੋਂ ਤੂੰ ਕਦੀ ਨਾ ਸੰਗਿਆ, ਕਾਰਖ਼ਾਨੇ ਮਸ਼ੀਨਾਂ ਤੇ ਮੋਟਰਾਂ ਦੀਆਂ ਆਂਦਰਾਂ ਖੋਲ੍ਹਣ ਤੇ ਜੋੜਨ ਵਿਚ ਤੂੰ ਕਿਸੇ ਤੋਂ ਪਿਛੇ ਨਹੀਂ ਰਿਹਾ । ਪਸ਼ੂਆਂ, ਪੰਛੀਆਂ ਤੇ ਮਨੁਖਾਂ ਦੇ ਅੰਦਰ ਦਾ ਕੋਈ ਭੇਦ ਤੈਥੋਂ ਛੁਪਿਆ ਨਾ ਰਿਹਾ । ਸਿਰੇ ਦੇ ਡਾਕਟਰ, ਐਨਜੀਨੀਅਰ, ਮੇਮਾਰ, ਆਰਕੀਟੈਕਟ ਤੂੰ ਪੈਦਾ ਕੀਤੇ । ਹਿਮਾਲਾ ਦੀਆਂ ਬਰਫ਼ਾਨੀ ਚੋਟੀਆਂ ਨੂੰ ਲੰਘ ਸਿਖਰੇ ਪੁਜਣ ਦਾ ਹੌਸਲਾ ਤੈਨੂੰ ਹੋਇਆ । ਸਾਇੰਸਦਾਨ, ਵਿਦਵਾਨ, ਕਵੀ, ਚਿੱਤਰਕਾਰ ਤੇ ਸੰਗੀਤ ਦੇ ਮਾਹਿਰ ਤੇਰੇ ਵਿਚੋਂ ਨਿਕਲੇ । ਆਤਮਕ ਖੋਜੀ ਸੰਤ ਮਹਾਤਮਾ, ਦਾਰਸ਼ਨਕ ਵਿਚਾਰ ਤੇ ਪ੍ਰਭੂ ਪਿਆਰ ਦੀਆਂ ਉਚ ਕੋਟੀ ਦੀਆਂ ਵਿਅਕਤੀਆਂ ਨੂੰ ਤੂੰ ਜਨਮ ਦਿਤਾ । ਤੇਰੇ ਐਥਲੀਟਾਂ ਦੀ ਵਡਿਆਈ ਦੇ ਸਾਹਮਣੇ ਯੂਰਪ ਅਮਰੀਕਾ ਤੇ ਏਸ਼ੀਆ ਦੇ ਨੌਜਵਾਨਾਂ ਦਾ ਸਿਰ ਨੀਵਾਂ ਹੁੰਦਾ ਏ । ਦੁਨੀਆ ਦਾ ਕਿਹੜਾਂ ਖੇਤਰ ਤੇ ਕਿਹੜਾ ਕਿੱਤਾ ਏ ਜਿਸ ਵਿਚ ਤੇਰਾ ਸਿਰ ਉੱਚਾ ਨਹੀਂ, ਪਰ ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ ਕਿ ਇਹ ਕਿਉਂ ਏ ?

ਇਕੋ ਧਰਤੀ ਦੇ ਜੰਮੇ ਜਾਏ, ਇਕੋ ਪਉਣ ਪਾਣੀ ਤੋਂ ਪਲੇ, ਇਕੋ ਦੁੱਧ ਦਹੀਂ ਮੱਖਣ ਆਟਾ ਦਾਣਾ ਖਾਣ ਵਾਲੇ, ਨਹੀਂ ਨਹੀਂ ਇਕੋ ਮਾਂ ਦੇ ਥਣ ਚੁੰਘਣ ਵਾਲੇ ਤੇ ਇਕੋ ਪਿਉ ਦੇ ਦੋ ਪੁਤਰ, ਇਕ ਦਾੜ੍ਹੀ ਕੇਸ ਤੇ ਦਸਤਾਰ ਵਾਲਾ, ਦੂਜਾ ਬਿਨਾਂ ਕੇਸ ਦਸਤਾਰ ਤੋਂ, ਇਕ ਰਾਖਾ ਏ, ਦੂਜਾ ਰਾਖੀ ਮੰਗਦਾ ਏ, ਇਕ ਮਰਦਾ ਏ, ਦੂਜਾ ਮਰਨੋਂ† ਸੰਗਦਾ ਏ; ਇਕ ਦੇਣਾ ਜਾਣਦਾ ਏ, ਦੂਜਾ ਲੈਣਾ ਜਾਣਦਾ ਏ । ਇਹ ਫ਼ਰਕ ਕਿਉਂ ਏ ? ਇਕ ਉਘੇ ਸਿੰਧੀ ਪ੍ਰੋਫ਼ੈਸਰ ਸ੍ਰੀ ਟੀ. ਐਲ. ਵਸਵਾਨੀ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਦੀ ਸਾਰੀ ਤਾਲੀਮ ਦਾ ਸਾਰ ਅੰਸ ਇਸ ਸਤਰ ਵਿਚ ਗੁੰਦਿਆ ਪਿਆ ਏ ਕਿ "ਹਰ ਸਿਖ ਸਿੰਘ ਹੋ ਜਾਵੇ" । ਉਹ ਲਿਖਦੇ ਨੇ, ਕਿਸੇ ਮਨੁਖ ਦੇ ਸਿੰਘ ਬਣ ਜਾਣ ਦੇ ਅਰਥ ਨੇ, ਇਕ ਖ਼ੁਦਦਾਰ (ਸਵੈਮਾਨ ਰਖਣ ਵਾਲਾ), ਦੀਨ ਹੀਨ ਨੂੰ ਪਿਆਰਨ ਵਾਲਾ ਅਤੇ ਭਾਰਤੀ ਦ੍ਰਿਸ਼ਟੀਕੋਨ

---

* ਭਾਰਤ ਸਰਕਾਰ ਦੀ ਟਰੈਕਟਰ ਸੰਸਥਾ (ਸੈਂਟਰਲ ਟਰੈਕਟਰ ਆਰਗਨਾਈਜ਼ੇਸ਼ਨ)ਨੇ ਇਕ ਵੇਰ ਇਹ ਨੋਟ ਪ੍ਰਕਾਸ਼ਤ ਕੀਤਾ ਸੀ ਕਿ ਭਾਰਤ ਸਰਕਾਰ ਦੀ ਟਰੈਕਟਰ ਸੰਸਥਾ ਨੇ ਕਰੋੜਾਂ ਰੁਪਏ ਖ਼ਰਚ ਕਰ ਕੇ ਬਹੁਤ ਵਡੇ ਇਲਾਕਿਆਂ ਨੂੰ ਵਾਹੀ ਯੋਗ ਬਣਾਇਆ ਹੈ ਤੇ ਪ੍ਰਤੀ ਏਕੜ ਸੈਂਕੜੇ ਰੁਪਏ ਖ਼ਰਚ ਕੀਤੇ ਹਨ, ਪਰ ਫਿਰ ਵੀ ਸਾਨੂੰ ਮੰਨਣਾ ਪੈਂਦਾ ਹੈ ਕਿ ਪੰਜਾਬੀ ਤੇ ਖ਼ਾਸ ਕਰ ਪੰਜਾਬੀ ਸਰਦਾਰਾਂ ਨੇ ਆਪਣੀ ਨਿਜੀ ਹਿੰਮਤ ਤੇ ਮਿਹਨਤ ਨਾਲ ਕਈ ਗੁਣਾਂ ਵਧ ਜ਼ਮੀਨ ਨੂੰ ਜੰਗਲ ਤੋਂ ਬਾਗ ਬਗੀਚਿਆਂ ਵਿਚ ਬਦਲ ਦਿਤਾ ਹੈ ਤੇ ਲਖਾਂ ਟਨ ਅਨਾਜ ਤੇ ਕਰੋੜਾਂ ਟਨ ਗੰਨਾ ਪੈਦਾ ਕਰ ਰਹੇ ਹਨ ਅਤੇ ਔਸਤਨ ਇਕ ਇਕ ਸਰਦਾਰ ਦਸ ਦਸ ਮਜ਼ਦੂਰਾਂ ਨੂੰ ਕੰਮ ਦੇ ਰਿਹਾ ਹੈ ।

† ਡਾਕਟਰ ਗੋਕਲ ਚੰਦ ਲਿਖਦਾ ਏ :

Hindus as a race were too mild by nature, too contented in their desires, too mo⊃est in their aspiratio s, too averse to physical exertion and hoplessly scrupulous in giving pain to others, even to their enemies.

ਅਰਥਾਤ, ਬਤੌਰ ਜਾਤੀ ਹਿੰਦੂ ਸੁਭਾ ਅਤਿ ਦਰਜੇ ਦੀ ਨਰਮੀ (ਕਮਜ਼ੋਰੀ) ਫੜ ਚੁਕਾ ਸੀ, ਉਹਨਾਂ ਦੀਆਂ ਖ਼ਾਹਸ਼ਾਂ ਮੁਕ ਚੁਕੀਆਂ ਸਨ, ਉਤਸ਼ਾਹ ਮਰ ਚੁਕਾ ਸੀ, ਸਰੀਰਕ ਕਸ਼ਟ ਆਪਣੇ ਉਪਰ ਲੈਣ ਤੋਂ ਉਹ ਆਰੀ ਸਨ, ਅਤੇ ਦੂਜੇ ਨੂੰ, ਭਾਵੇਂ ਉਹ ਦੁਸ਼ਮਣ ਭੀ ਕਿਉਂ ਨ ਹੋਵੇ, ਦੁਖ ਦੇਣਾ ਉਹ ਵਡਾ ਅਧਰਮ ਜਾਣਦੇ ਸਨ ।



www.AKJ.Org

ਵਾਲੇ ਜੀਵਨ ਦਾ ਵਫ਼ਾਦਾਰ ਹੋਣਾ। ਇਕ ਹੋਰ ਥਾਂ ਉਹ ਲਿਖਦੇ ਨੇ "ਸਿੱਖੀ ਇਕ ਐਸੇ ਜ਼ਬਤ ਦਾ ਨਾਮ ਏ ਜਿਸ ਜ਼ਬਤ ਦੀ ਬੰਦੀ ਵਿਚ ਪਏ ਸਾਧਾਰਨ ਮਰਦ ਤੇ ਇਸਤ੍ਰੀਆਂ ਸ਼ਹੀਦਾਂ ਦੀ ਜਮਾਤ ਬਣ ਜਾਂਦੇ ਨੇ।...ਸਿਖ ਦੀ ਜਿਤ ਬਹੁ-ਗਿਣਤੀ ਦੀ ਜਿਤ ਨਹੀਂ, ਆਚਰਨ ਦੀ ਜਿਤ ਏ।" ਲਗ ਪਗ ਸਾਲ ਹੋਏ ਜਦੋਂ ਮੁਲਤਾਨ ਸ਼ਹਿਰ ਅੰਦਰ ਕੁਝ ਮੁਸਲਮਾਨ ਗੁੰਡਿਆਂ ਨੇ ਬਹੁਤ ਸਾਰੀਆਂ ਹਿੰਦੂ ਦੁਕਾਨਾਂ ਨੂੰ ਲੁਟਿਆ, ਫੂਕਿਆ ਅਤੇ ਕਈ ਹਿੰਦੂ ਮਾਰ ਸੁਟੇ ਅਤੇ ਇਹ ਗੁੰਡਿਆਂ ਦਾ ਟੋਲਾ ਵਧਦਾ ਵਧਦਾ ਭਾਈ ਦਿਆਲ ਦੇ ਗੁਰਦੁਆਰੇ ਨੂੰ ਫੂਕ ਦੇਣ ਲਈ ਉਧਰ ਨੂੰ ਵਧਿਆ ਤਾਂ ਇਕ ਇਕੱਲਾ ਨੌਜਵਾਨ ਸਿੰਘ ਕ੍ਰਿਪਾਨ ਧੂਹ ਕੇ ਸਾਹਮਣੇ ਹੋਇਆ ਅਤੇ ਅਜਿਹੀ ਕ੍ਰਿਪਾਨ ਵਾਹੀ ਕਿ ਸੈਂਕੜੇ ਬਦਮਾਸ਼ਾਂ ਦਾ ਟੋਲਾ ਉਸ ਇਕੱਲੇ ਸਿੰਘ ਦੇ ਅਗੇ ਭਜ ਨਿਕਲਿਆ ਅਤੇ ਇਸ ਤਰ੍ਹਾਂ ਗੁਰਦੁਆਰਾ ਸੜਨੋਂ ਬਚ ਗਿਆ। ਇਨ੍ਹਾਂ ਫ਼ਸਾਦਾਂ ਤੋਂ ਪਿਛੋਂ ਮੁਲਤਾਨ ਵਿਚ ਇਕ ਵਡਾ ਜਲਸਾ ਹੋਇਆ, ਜਿਸ ਵਿਚ ਬੋਲਦਿਆਂ ਹੋਇਆਂ ਭਾਰਤ ਦੇ ਉਘੇ ਨੇਤਾ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਕਿਹਾ ਕਿ "ਮੈਂ ਸਾਰੀ ਹਿੰਦੂ ਜਨਤਾ ਨੂੰ ਸਲਾਹ ਦਿਆਂਗਾ ਕਿ ਹਰ ਹਿੰਦੂ ਟੱਬਰ ਦਾ ਘਟੋ ਘਟ ਇਕ ਬੱਚਾ ਸਿੰਘ ਸਜਾਇਆ ਜਾਵੇ ਤਾ ਕਿ ਭੀੜ ਪੈਣ ਤੇ ਉਹ ਆਪਣੇ ਟੱਬਰ ਦੀ ਰਖਿਆ ਕਰ ਸਕੇ।" ਮੇਰੇ ਵੀਰ, ਰਤਾ ਸੋਚ ਕਿ ਪੰਡਤ ਮਾਲਵੀਆ ਜੀ ਦੇ ਇਸ ਸੁਝਾਉ ਵਿਚ ਕੀ ਭੇਦ ਸੀ?

ਸਿਖੀ ਗ੍ਰਿਹਸਥੀ ਜੀਵਨ ਅੰਦਰ ਧਰਮ ਤੇ ਸਦਾਚਾਰ ਦਾ ਸੁਮੇਲ ਏ। ਧਰਮ ਵਾਲੀ ਕਿਰਤ ਇਸ ਦਾ ਗ੍ਰਿਹਸਥ ਏ, ਗੁਰੂ ਦਾ ਹੁਕਮ ਇਸ ਦਾ ਧਰਮ ਏ ਅਤੇ ਇਸ ਹੁਕਮ ਦਾ ਮੰਨਣਾ ਇਸ ਦਾ ਸਦਾਚਾਰ ਏ। ਗੁਰੂ ਦੇ ਹੁਕਮਾਂ ਦੇ ਸੱਚੇ ਅੰਦਰ ਢਲਿਆ ਜੀਵਨ ਹੀ ਗੁਰਸਿੱਖੀ ਜੀਵਨ ਏ। ਗੁਰੂ ਦਾ ਆਪਣਾ ਜੀਵਨ ਪਹਿਲੋਂ ਗੁਰਸਿੱਖ ਵਾਲਾ ਆਦਰਸ਼ਕ ਜੀਵਨ ਏ ਤੇ ਫਿਰ ਗੁਰੂ ਏ। ਭਾਈ ਲਹਿਣਾ ਪਹਿਲੋਂ ਸਿਖ, ਫਿਰ ਗੁਰਸਿਖ ਤੇ ਫਿਰ ਗੁਰੂ ਅੰਗਦ ਹੋਏ। ਗੁਰੂ ਗੋਬਿੰਦ ਸਿੰਘ ਜੀ ਨੇ ਭੀ ਗੁਰਸਿਖ ਹੋਣਾ ਜ਼ਰੂਰੀ ਸਮਝਿਆ, ਜਿਸ ਲਈ ਆਪ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰਸਿਖੀ ਲਈ ਅਤੇ ਗੁਰੂ ਕੀ ਰਹਿਣੀ ਵਾਲੇ ਸਿੱਖ ਦੀ ਇਤਨੀ ਵਡਿਆਈ ਦਸੀ ਕਿ:

'ਰਹਿਣੀ ਰਹੇ ਸੋਈ ਸਿਖ ਮੇਰਾ, ਓਹ ਸਾਹਿਬ ਮੈਂ ਉਸ ਕਾ ਚੇਰਾ।'

ਜੋ ਸਿਖ ਹੋ ਕੇ ਗੁਰੂ ਦੀ ਰਹਿਣੀ ਨਹੀਂ ਰਹਿੰਦਾ ਉਸ ਨਾਲ ਗੁਰੂ ਦਾ ਕੋਈ ਪਿਆਰ ਨਹੀਂ, ਕਿਉਂਕਿ ਸਿਖ ਗੁਰੂ ਦੇ ਪਿਆਰ ਦਾ ਪਾਤਰ ਆਪਣੀ ਰਹਿਤ ਸਦਕਾ ਈ ਏ:

'ਰਹਿਤ ਪਿਆਰੀ ਮੋਹਿ ਕੋ ਸਿਖ ਪਿਆਰੋ ਨਾਹਿ।'

ਗੁਰੂ ਗੋਬਿੰਦ ਸਿੰਘ ਜੀ ਨੇ ਆਪੂੰ ਅੰਮ੍ਰਿਤ ਛਕ ਕੇ ਸਿਧ ਕਰ ਦਿਤਾ ਕਿ ਗੁਰੂ ਅਤੇ ਗੁਰਸਿਖ ਦੀ ਰਹਿਣੀ ਇਕ-ਸਮਾਨ ਏ। ਦੋਹਾਂ ਦੀ ਰਹਿਣੀ ਵਿਚਾਲੇ ਕੋਈ ਭਿੰਨ-ਭੇਦ ਨਹੀਂ ਹੋਣਾ ਚਾਹੀਦਾ। ਇਸੇ ਵਾਸਤੇ ਗੁਰੂ ਕੇ ਸਿਖ ਦੇ ਦਰਸ਼ਨ ਨੂੰ ਗੁਰੂ ਦੇ ਦਰਸ਼ਨ ਦੀ ਤੁਲਨਾ ਦਿਤੀ ਸੀ। (ਕਾਸ਼! ਕਿ ਅਸੀਂ ਅਜਿਹੇ ਗੁਰਸਿਖੀ ਜੀਵਨ ਵਾਲੇ ਹੁੰਦੇ!) ਅਜਿਹੇ ਗੁਰਸਿਖ ਦੀ ਵਿਆਖਿਆ ਹੀ ਗੁਰੂ ਗਬਿੰਦ ਸਿੰਘ ਜੀ ਨੇ 'ਖਾਲਸਾ' ਨਾਮ ਹੇਠ ਇਹ ਲਿਖ ਕੇ ਕੀਤੀ ਸੀ:

'ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥੧॥ (ਪਾ: ੧੦, ਸ਼ਬਦ ਹਜ਼ਾਰੇ)

ਇਹੋ ਖਾਲਸਾ ਹੀ ਗੁਰੂ ਕੇ ਹੁਕਮਾਂ ਰੂਪੀ ਸੱਚੇ ਅੰਦਰ ਢਲਿਆ ਗੁਰਸਿਖ ਸੀ। ਕੇਵਲ ਫ਼ਰਕ ਇਤਨਾ ਕੁ ਸੀ ਕਿ ਪਹਿਲੋਂ ਇਹ 'ਸੰਤ' ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਨਿਰਾ 'ਸੰਤ' ਨਹੀਂ, ਬਲਕਿ 'ਸੰਤ ਸਿਪਾਹੀ' ਹੋ ਜਾ। ਤੇਰੀ ਸੂਰਤ, ਤੇਰੀ ਕਿਰਤ, ਤੇਰੇ ਕਰਮ ਸੰਤਾਂ ਵਾਲੇ ਹੋਣਗੇ, ਤੂੰ ਪਰਉਪਕਾਰ ਲਈ ਜੀਵੇਂਗਾ। 'ਸੁਭ ਕਰਮਨ ਤੇ ਕਬਹੂੰ ਨ ਟਰੋਂ।' ਪਰੰਤੂ ਸੰਤ-ਦੋਖੀਆਂ ਨਾਲ ਟੱਕਰ ਹੋ ਜਾਣ ਪਰ ਤੈਨੂੰ ਉਨ੍ਹਾਂ ਦਾ ਭੈ ਨਹੀਂ ਹੋਵੇਗਾ, ਸਗੋਂ ਅਜਿਹੇ ਦੋਖੀਆਂ ਪਰ ਤੇਰੀ ਸ਼ਰਤੀਆ ਜਿਤ ਹੋਵੇਗੀ:—

'ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ' ॥੨੩੧॥

ਪਰੰਤੂ ਇਹ ਕੁਝ ਕਰਦਿਆਂ ਹੋਇਆਂ ਭੀ ਤੇਰੇ ਮਨ ਦੀ ਲਗਨ ਪ੍ਰਭੂ-ਚਰਨਾਂ ਵਿਚ ਲਗੀ ਰਹੇ, "ਇਹ ਲਾਲਚ ਹਉ ਗੁਨ ਤਉ ਉਚਰੋਂ" ਅਤੇ ਜੇ ਸਮਾਂ ਆ ਬਣੇ ਤਾਂ ਤੇਰਾ ਅੰਦਰਲਾ ਇਹ ਸੱਧਰ ਰਖੇ ਕਿ ਜੂਝਦਾ ਹੋਇਆ


www.AKJ.Org

ਸ਼ਹੀਦ ਹੋ ਜਾਵਾਂ :

'ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰੋਂ ॥੨੩੧॥

(ਪਾ: ੧੦, ਚੰਡੀ ਚਰਿਤ੍ਰ)

ਇਹੋ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਦੀ ਪ੍ਰਭੂ ਚਰਨਾਂ ਵਿਚ ਆਪਣੀ ਅਰਦਾਸ ਸੀ ਅਤੇ ਇਸੇ ਅਰਦਾਸ ਨਾਲ ਸੰਸਾਰ ਯਾਤਰਾ ਸੰਪੂਰਨ ਕਰਨ ਦਾ ਹੁਕਮ ਆਪ ਨੇ ਹਰ ਗੁਰਸਿਖ ਨੂੰ ਦਿਤਾ। ਇਹ ਸੀ ਇਕ ਹੋਰ ਸਬੂਤ, ਜਿਸ ਰਾਹੀਂ ਗੁਰੂ ਤੇ ਸਿਖ ਦੀ ਹਰ ਪੱਖ ਤੋਂ ਅਭੇਦਤਾ ਆਪ ਨੇ ਦ੍ਰਿੜ੍ਹ ਕਰਵਾਈ। ਗੁਰੂ ਅਤੇ ਸਿਖ ਦੀ ਆਤਮਕ ਅਤੇ ਸਰੀਰਕ ਇਕ-ਸੁਰਤਾ ਤੇ ਸਮਾਨਤਾ ਲਈ ਆਪ ਨੇ ਸਿਖ ਨੂੰ ਅੰਤਰ-ਮੁਖੀ ਅਤੇ ਬਾਹਰ-ਮੁਖੀ ਦੋਹਾਂ ਪਹਿਲੂਆਂ ਤੋਂ ਗੁਰੂ ਦੀ ਰਹਿਣੀ ਰਹਿਣ ਦੀ ਸੂਚਨਾ ਦਿਤੀ। ਬਾਹਰ-ਮੁਖੀ ਸਮਾਨ ਰਹਿਣੀ ਕਰ ਦੇਣ ਵਿਚ ਭੇਦ ਭਰੀ ਗੱਲ ਇਹੋ ਸੀ ਕਿ ਇਕੋ ਸਰੂਪ ਵਾਲੇ ਮਨੁਖਾਂ ਦਾ ਆਪੋ ਵਿਚ ਨੇੜ ਹੋ ਜਾਵੇ, ਤਾਂਕਿ ਲੋੜ ਪੈਣ ਤੇ ਦੀਨ ਦੁਖੀ ਤੇ ਦੇਸ਼ ਦੀ ਸੇਵਾ ਅਤੇ ਸਵੈ-ਧਰਮ ਦੀ ਰਖਿਆ ਲਈ ਇਹ ਇਕ ਦੂਜੇ ਉਪਰ ਭਰੋਸਾ ਰਖ ਸਕਣ ਅਤੇ ਇਨ੍ਹਾਂ ਦਾ ਦੂਜਿਆਂ ਨਾਲੋਂ ਨਿਆਰਾ ਹੋਣ ਦਾ ਗੁਣ ਇਨ੍ਹਾਂ ਦੀ ਇਸ ਦ੍ਰਿੜ੍ਹਤਾ ਨੂੰ ਪਕਿਆਂ ਕਰ ਸਕੇ ਕਿ ਇਹ ਸੰਤ ਸਿਪਾਹੀ ਹਨ। ਅਸਲ ਵਿਚ ਇਹ ਆਮ ਜਨਤਾ ਵਿਚੋਂ ਵਿਸ਼ੇਸ਼ ਤਰੀਕੇ ਨਾਲ ਚੁਣੇ ਹੋਏ ਉਨ੍ਹਾਂ ਲੋਕਾਂ (selected persons) ਦੀ ਸ਼ਰੇਣੀ ਸੀ, ਜਿਨ੍ਹਾਂ ਦੀ ਵਿਸ਼ੇਸ਼ ਜ਼ਿੰਮੇਵਾਰੀ ਤੇ ਵਿਸ਼ੇਸ਼ ਵਿਚਾਰਧਾਰਾ ਸੀ ਅਤੇ ਜੋ ਵਿਸ਼ੇਸ਼ ਆਚਰਣ (character) ਰਖਣ ਵਾਲੇ ਸਨ। ਇਨ੍ਹਾਂ ਦੀ ਪਛਾਣ, ਇਕ ਵਿਸ਼ੇਸ਼ ਰੂਪ 'ਸਾਬਤ ਸੂਰਤਿ ਦਸਤਾਰ ਸਿਰਾ' ਤੋਂ ਕੀਤੀ ਜਾਂਦੀ ਸੀ ਅਤੇ ਇਹ ਵਿਸ਼ੇਸ਼ ਰੂਪ ਇਨ੍ਹਾਂ ਨੂੰ ਇਸ ਲਈ ਦਿਤਾ ਗਿਆ ਸੀ ਕਿ ਇਨ੍ਹਾਂ ਦੀ ਵਿਸ਼ੇਸ਼ਤਾ ਇਨ੍ਹਾਂ ਦੇ ਰੂਪ ਤੋਂ ਹੀ ਪਰਤੱਖ ਹੋ ਜਾਵੇ ਅਤੇ ਇਨ੍ਹਾਂ ਦੀ ਭਾਲ ਮੁੜ ਮੁੜ ਨਾ ਕਰਨੀ ਪਵੇ।

ਖਾਲਸੇ ਦਾ ਇਹੋ ਨਿਆਰਾਪਣ ਹੀ ਏ, ਜਿਸ ਨੇ ਇਸ ਦਾ ਡੰਕਾ ਦੁਨੀਆ ਭਰ ਵਿਚ ਵਜਾ ਦਿਤਾ ਹੋਇਆ ਏ। ਇਹ ਇਸ ਦੇ ਨਿਆਰੇ ਰੂਪ ਸਦਕਾ ਏ, ਜੋ ਇਸ ਨੂੰ ਵੇਖਣ ਸਾਰ ਵੇਖਣ ਵਾਲਾ ਸਮਝ ਲੈਂਦਾ ਏ ਕਿ ਇਹ ਸੂਰਮਿਆਂ ਦੀ ਸ਼ਰੇਣੀ ਵਿਚੋਂ ਏ। ਤੇ ਇਹ ਖ਼ਿਆਲ ਕਿ ਇਸ ਦਾ ਬਾਹਰਮੁਖੀ ਰੂਪ ਉਨ੍ਹਾਂ ਜਿਹਾ ਏ ਜਿਨ੍ਹਾਂ ਦਾ ਜਗ 'ਤੇ ਡੰਕਾ ਵਜਿਆ ਏ, ਇਸ ਨੂੰ ਹੋਰ ਮਜ਼ਬੂਤ ਕਰ ਦੇਂਦਾ ਏ। ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ, ਤੇਰੇ ਇਸ ਬਾਹਰਮੁਖੀ ਨਿਆਰੇਪਣ ਦੀ ਕਿਤਨੀ ਵਡਿਆਈ ਏ ? ਕੀ ਤੂੰ ਕਦੀ ਸੋਚਿਆ ਏ ਕਿ ਇਸ ਚਿਹਰੇ ਮੋਹਰੇ ਦੇ ਦਿਸਦੇ ਸਰੂਪ ਪਿਛੇ ਕੀ ਛੁਪਿਆ ਪਿਆ ਏ ?

ਜਿਸ ਵਸਤੂ ਜਾਂ ਜੀਵ ਦਾ ਨਾਮ ਲਈਏ, ਉਸ ਦੇ ਗੁਣ ਅਉਗਣ ਸਾਡੇ ਧਿਆਨ ਵਿਚ ਵਸ ਜਾਂਦ ਨੇ। ਜਿਸ ਤਰ੍ਹਾਂ ਭੇਡ ਕਹਿਣ ਨਾਲ ਭੇਡ ਦਾ ਰੂਪ ਤੇ ਗੁਣ ਸਾਡੇ ਸਾਹਮਣੇ ਆ ਜਾਂਦੇ ਨੇ, ਅੰਬ ਕਹਿਣ ਨਾਲ ਅੰਬ ਦੇ ਬਿਰਖ, ਫਲ ਤੇ ਇਸ ਦੇ ਸੁਆਦ ਦਾ ਵਿਚਾਰ ਮਨ ਵਿਚ ਆ ਜਾਂਦਾ ਏ, ਸਹਿਆ ਜਾਂ ਸ਼ੇਰ ਦੇ ਸ਼ਬਦ ਬੋਲਣ ਨਾਲ ਸਹੇ ਜਾਂ ਸ਼ੇਰ ਦੀਆਂ ਜੋ ਖੂਬੀਆਂ ਹਨ ਨੇ ਉਨ੍ਹਾਂ ਦਾ ਚਿੱਤਰ ਸਾਡੇ ਮਨਾਂ 'ਤੇ ਖਿਚਿਆ ਜਾਂਦਾ ਏ, ਇਸੇ ਤਰ੍ਹਾਂ 'ਸਿੰਘ' ਸ਼ਬਦ ਪ੍ਰਗਟਾਵਾ ਕਰਦਾ ਏ ਕਈ ਵਿਸ਼ੇਸ਼ ਗੁਣਾਂ ਦਾ ਤੇ ਅੱਖਾਂ ਸਾਹਮਣੇ ਲਿਆਉਂਦਾ ਏ ਕੋਈ ਵਿਸ਼ੇਸ਼ ਤਸਵੀਰ। ਇਹ ਤਸਵੀਰ ਗੁਰੂ ਗੋਬਿੰਦ ਸਿੰਘ ਦੀ ਆਪਣੀ ਸੂਰਤ ਏ ਅਤੇ ਇਸ ਸ਼ਬਦ ਪਿਛੇ ਉਹ ਗੁਣ ਛੁਪੇ ਨੇ ਜੋ ਗੁਰੂ ਗੋਬਿੰਦ ਸਿੰਘ ਦੇ ਆਪਣੇ ਗੁਣ ਨੇ। ਇਸ ਲਈ ਹਰ ਸਿੰਘ ਲਈ ਜ਼ਰੂਰੀ ਏ ਕਿ ਉਸ ਦਾ ਰੂਪ ਤੇ ਰਹਿਣੀ ਗੁਰੂ ਗੋਬਿੰਦ ਸਿੰਘ ਦੇ ਰੂਪ ਤੇ ਰਹਿਣੀ ਵਾਲੇ ਹੋਣ। ਉਸ ਰੂਪ ਤੇ ਰਹਿਣੀ ਦਾ ਤਿਆਗ ਸਿੰਘ-ਪੁਣੇ ਦਾ ਤਿਆਗ, ਅਥਵਾ, ਗੁਰੂ ਗੋਬਿੰਦ ਸਿੰਘ ਦਾ ਤਿਆਗ ਏ। ਮੇਰੇ ਵੀਰ, ਤੈਨੂੰ ਗੁਰੂ ਨੇ 'ਦਾਸ' (ਗ਼ੁਲਾਮ) ਤੋਂ 'ਸਿੰਘ' (ਸ਼ੇਰ) ਬਨਾਉਣਾ ਦ੍ਰਿੜ੍ਹ ਕੀਤਾ ਏ। ਸਿੰਘ ਦੇ ਵਿਸ਼ੇਸ਼ ਰੂਪ ਤੇ ਰਹਿਣੀ ਨੇ। ਕੀ ਤੂੰ ਚਾਹੁਨਾ ਏਂ ਕਿ ਮੁੜ 'ਸਿੰਘ' ਤੋਂ 'ਦਾਸ' ਹੋ ਜਾਵੇਂ ? ਜੇ ਨਹੀਂ ਤਾਂ ਸਿੰਘ ਦਾ ਰੂਪ ਤੇ ਰਹਿਣੀ ਧਾਰਨ ਕਰ। ਸੰਸਾਰ ਇਕ ਵਡਾ ਅਖਾੜਾ ਏ। ਜਿਤਨੀ ਦੇਰ ਮੱਲਾਂ ਦੀ ਤਰ੍ਹਾਂ ਇਸ ਵਿਚ ਨਹੀਂ ਵਿਚਰੇਂਗਾ, ਤੈਨੂੰ ਇਸ ਅਖਾੜੇ ਅੰਦਰ ਕੋਈ ਰਹਿਣ ਨਹੀਂ ਦੇਵੇਗਾ। ਗੁਰੂ ਗੋਬਿੰਦ ਸਿੰਘ ਨੇ ਤੈਨੂੰ ਸਿੰਘ ਬਣਾ ਮੱਲ ਹੋਣ ਦੀ ਜਾਚ ਸਿਖਾਈ ਏ। ਜੇ ਚਾਹੁੰਨਾ ਏਂ ਕਿ ਇਸ ਅਖਾੜੇ ਵਿਚੋਂ



www.AKJ.Org

ਜੇਤੂ ਪਹਿਲਵਾਨ ਬਣ ਕੇ ਨਿਕਲੇਂ ਤਾਂ ਸਿੰਘ ਹੋ ਕੇ ਰਹੁ ਅਤੇ ਸਿੰਘ ਕਹਾਉਣ ਤੋਂ ਕੰਨੀ ਨਾ ਕਤਰਾਅ। ਤੇਰੀ ਸਫਲਤ ਦਾ ਸਾਰਾ ਰਾਜ਼ ਸਿੰਘ ਹੋਣ ਵਿਚ ਏ।

ਨਿਰਾ ਬਾਹਰਮੁਖੀ ਸ਼ਕਲ ਕਰਕੇ ਹੀ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਨਾਮ ਵਾਲਾ 'ਸਿੰਘ' ਸ਼ਬਦ ਦੇ ਕੇ ਉਨ੍ਹਾਂ ਨਾਲ ਇਕ ਪੱਕੀ ਸਾਂਝ ਪੈਦਾ ਕੀਤੀ ਏ, ਅਰਥਾਤ, ਗੁਰੂ ਭੀ 'ਸਿੰਘ' ਅਤੇ ਗੁਰੂ ਦੇ ਸਿਖ ਭੀ ਸਿੰਘ। ਅਥਵਾ, ਸਿੰਘ ਹੋਣ ਦੇ ਨਾਤੇ ਜੋ ਗੁਰੂ ਦੇ ਗੁਣ, ਉਹ ਗੁਰੂ ਦੇ ਸਿਖਾਂ ਦੇ ਗੁਣ, ਗੁਰੂ ਦਾ ਆਚਰਨ ਸਿਖ ਦਾ ਆਚਰਨ, ਗੁਰੂ ਦੀ ਵਡਿਆਈ ਤੇ ਮਹਾਨਤਾ ਸਿੱਖੀ ਦੀ ਵਡਿਆਈ ਤੇ ਮਹਾਨਤਾ ਅਤੇ ਗੁਰੂ ਦੀ ਜ਼ਿੰਮੇਵਾਰੀ ਸਿਖ ਦੀ ਜ਼ਿੰਮੇਵਾਰੀ।

ਇਸ ਲੇਖ ਅੰਦਰ ਸਿਖ ਵੀਰ ਪ੍ਰਤੀ ਕੀਤੇ ਸਾਰੇ ਪ੍ਰਸ਼ਨਾਂ ਦਾ ਉਤਰ ਇਕੋ ਇਕ ਸ਼ਬਦ ਵਿਚ ਏ ਕਿ ਉਹ, ਜਿਨ੍ਹਾਂ ਨੇ ਏਡੀਆਂ ਘਾਲਣਾ ਘਾਲੀਆਂ, ਜਿਨ੍ਹਾਂ ਦੀ ਸੂਰਬੀਰਤਾ, ਨਿਰਭੈਤਾ, ਦਲੇਰੀ, ਜੇਰਾ, ਹਿਰਦੇ ਦੀ ਵਿਸ਼ਾਲਤਾ ਏਡੇ ਵੱਡੇ ਅਤੇ ਜਿਨ੍ਹਾਂ ਦਾ ਆਚਰਨ ਏਨਾ ਉਚਾ ਅਤੇ ਸੁਚਾ ਸੀ ਉਹ 'ਸਿੰਘ' ਸਨ, ਜਿਨ੍ਹਾਂ ਦੀ ਗੁਰੂ ਗੋਬਿੰਦ ਸਿੰਘ ਨਾਲ ਇਕ ਨਿਜੀ ਸਾਂਝ ਸੀ, ਜਿਨ੍ਹਾਂ ਅੰਦਰ ਗੁਰੂ ਗੋਬਿੰਦ ਸਿੰਘ ਦੇ ਕਹਿਲਾਉਣ ਦੀ ਦ੍ਰਿੜ੍ਹਤਾ ਸੀ, ਜੋ ਆਪਣਾ ਆਪ ਗੁਰੂ ਗੋਬਿੰਦ ਸਿੰਘ ਦਾ ਕਰ ਚੁਕੇ ਸਨ, ਜਿਨ੍ਹਾਂ ਦੀ ਸਮੁਚੀ ਰਹਿਣੀ ਅਤੇ ਜਿਨ੍ਹਾਂ ਦੀ ਜ਼ਿੰਦਗੀ ਦਾ ਹਰ ਕਰਤੱਵ ਗੁਰੂ ਗੋਬਿੰਦ ਸਿੰਘ ਦੇ ਹੁਕਮਾਂ ਅਨਕੂਲ ਸੀ।

ਮੇਰੇ ਵੀਰ, ਹੁਣ ਤੂੰ ਹੀ ਸੋਚ ਲੈ ਅਤੇ ਆਪਣੇ ਅੰਦਰ ਝਾਤੀ ਮਾਰ ਕੇ ਵੇਖ ਕਿ ਕੀ ਤੂੰ 'ਸਿੰਘ' ਹੈਂ ? ਕੀ ਤੂੰ ਗੁਰੂ ਗੋਬਿੰਦ ਨਾਲ 'ਸਿੰਘ' ਹੋਣ ਵਾਲੀ ਸਾਂਝ ਪੈਦਾ ਕੀਤੀ ਹੋਈ ਏ ? ਕੀ ਤੇਰੇ ਜੀਵਨ, ਤੇਰੇ ਰੋਜ਼ਮੱਰਾ ਦੇ ਕੰਮਾਂ ਅਤੇ ਤੇਰੇ ਖਿਆਲਾਂ ਦੀ ਬੁਣਤ ਵਿਚੋਂ ਗੁਰੂ ਗੋਬਿੰਦ ਸਿੰਘ ਦਾ ਝਾਉਲਾ ਪੈਂਦਾ ਏ, ਜਾਂ ਕਿਸੇ ਗੰਗੂ ਦੀ ਝਲਕ ਦਿਸਦੀ ਏ ? ਕੀ ਤੇਰਾ ਆਚਰਨ, ਤੇਰੀ ਸੂਰਤ, ਤੇਰੀ ਦਸਤਾਰ, ਉਨ੍ਹਾਂ ਚੁਣੇ ਹੋਏ ਲੋਕਾਂ (Selected Persons) ਜਿਹੀ ਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੇ ਜਿਹਾ ਸਿੰਘ ਬਣਾਇਆ ਸੀ ਅਤੇ ਫਿਰ ਉਨ੍ਹਾਂ ਬਾਰੇ ਕਿਹਾ ਸੀ :

ਮੋ ਗ੍ਰਿਹ ਮੈਂ ਤਨ ਤੇ ਮਨ ਤੇ, ਸਿਰ ਲਉ ਨ ਹੈ ਸਭ ਹੀ ਇਨਹੀ ਕੋ ॥੩॥

(ਪਾ: ੧੦, ਗਿਆਨ ਪ੍ਰਬੋਧ, ਅਖ਼ੀਰ

ਮੇਰੇ ਵੀਰ, ਭਾਈ ਗੁਰਦਾਸ ਇਸ ਗੱਲ ਦੀ ਗਵਾਹੀ ਦੇਂਦਾ ਏ ਕਿ ਜਦੋਂ ਸ਼ੇਰ ਜੰਗਲ ਵਿਚ ਬੁਕਿਆ ਤਾਂ ਜੰਗਲ ਦੀ ਸਮੁਚੀ ਮਿਰਗਾਵਲੀ ਹੌਸਲਾ ਹਾਰ ਕੇ ਭੱਜ ਨਿਕਲੀ। ਅਰਥਾਤ ਗੁਰੂ ਨਾਨਕ ਦੇ ਆਗਮਨ ਤੇ ਜਿਤਨੇ ਫੋਕਟ ਧਰਮਾਂ ਵਾਲੇ ਝੂਠ ਤੇ ਪਖੰਡ ਦਾ ਆਪਣਾ ਆਪਣਾ ਡਉਰੂ ਵਜਾ ਰਹੇ ਸਨ, ਆਪਣੇ ਝੂਠ ਨੂੰ ਨੰਗਾ ਹੁੰਦਾ ਵੇਖ ਕੇ ਭਜ ਗਏ—

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ, ਨ ਧੀਰ ਧਰੋਆ ॥ [ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭

ਇਤਿਹਾਸ ਇਸ ਗੱਲ ਦਾ ਗਵਾਹ ਏ ਤੇ ਇਸ ਲੇਖ ਵਿਚ ਦਿਤੇ ਹਵਾਲਿਆਂ ਤੋਂ ਵੀ ਸਿਧ ਏ ਕਿ ਜਦੋਂ ਜਦੋਂ ਅਤੇ ਜਿਥੇ ਜਿਥੇ ਵੀ ਗੁਰੂ ਗੋਬਿੰਦ ਸਿੰਘ 'ਬੁਕੇ', ਦੁਸ਼ਮਣ, ਮਿਰਗਾਵਲੀ ਦੀ ਤਰ੍ਹਾਂ ਹੌਸਲਾ ਹਾਰ ਜਾਂਦੇ ਰਹੇ। ਜੇ ਕਦੇ ਕੁਝ ਸਮੇਂ ਲਈ ਅਮਲੀ ਤੌਰ ਤੇ ਸਿੰਘਾਂ ਦੀ ਜਿਤ ਨਹੀਂ ਭੀ ਹੋਈ, ਸਿੰਘ ਦੇ 'ਬੁੱਕਣ' ਵਿਚ ਕਦੀ ਫ਼ਰਕ ਨਹੀਂ ਆਇਆ ਅਤੇ ਸਿੰਘ ਦੀ ਸਦੀਵੀ ਚੜ੍ਹਦੀ ਕਲਾ ਦਾ ਅੰਤਮ ਸਿੱਟਾ ਸਿੰਘ ਦੀ ਆਦਰਸ਼ਕ ਜਿੱਤ ਹੀ ਹੋਈ ਜੰਗਾਂ ਜੁਧਾਂ ਅੰਦਰ ਤਾਂ ਸਿੰਘਾਂ ਦੀ ਇਸ ਵਡਿਆਈ ਵਿਚ ਕੋਈ ਸ਼ਕ ਹੀ ਨਹੀਂ, ਪਰ ਸ਼ਾਂਤੀ ਤੇ ਅਦਮ-ਤਸ਼ੱਦਦ ਦੇ ਖੇਤਰ ਵਿਚ ਅਤੇ ਉਸਾਰੂ ਪ੍ਰੋਗਰਾਮਾਂ ਅੰਦਰ ਇਸ ਨੂੰ ਸਿੰਘ ਹੋਣ ਦਾ ਮਾਣ ਸਦਾ ਈ ਪ੍ਰਾਪਤ ਰਿਹਾ ਏ। ਇਹ ਸਾਰੀ ਵਡਿਆਈ ਤੇ ਮਹੱਤਤਾ ਇਸ ਦੇ 'ਸਿੰਘ' ਹੋਣ ਦੇ ਸਦਕੇ ਹੀ ਏ। ਜੋ ਲੋਕ ਇਸ ਦੀ ਵਡਿਆਈ ਤੇ ਈਰਖਾ ਕਰਦੇ ਨੇ, ਉਨ੍ਹਾਂ ਲਈ ਯੋਗ ਤਾਂ ਇਹੋ ਏ ਕਿ ਪੰਡਤ ਮਦਨ ਮੋਹਨ ਮਾਲਵੀਆ ਜੀ ਦੇ ਕਥਨ ਅਨੁਸਾਰ ਉਹ ਸਿੰਘ ਦੇ, 'ਸਿੰਘ' ਹੋਣ ਦੇ ਗੁਣ ਨੂੰ ਅਪਨਾਉਣ, ਪਰੰਤੂ ਈਰਖਾ-ਵਸ ਹੋਏ ਉਹ ਅਜਿਹਾ ਕਰਨ ਨੂੰ ਤਿਆਰ ਨਹੀਂ ਹੁੰਦੇ, ਸਗੋਂ ਇਸ ਕੋਸ਼ਸ਼ ਵਿਚ ਲਗੇ ਰਹਿੰਦੇ ਨੇ ਕਿ ਸਿੰਘ ਨੂੰ ਉਸ ਦੇ ਸਿੰਘਊਪੁਣੇ ਤੋਂ ਡੇਗ ਕੇ ਆਪਣੇ ਜਿਹਾ ਕਰ ਲੇਣ



www.AKJ.Org

ਅਤੇ ਇਸ ਤਰ੍ਹਾਂ ਸਿੰਘ ਨੂੰ ਆਪਣੇ ਪੱਧਰ ਤੇ ਲਿਆ ਕੇ ਆਪਣਾ ਦਿਲ ਠੰਡਾ ਕਰਨ। ਕਈ ਭੋਲੇ ਭਾਲੇ ਨੌਜਵਾਨ ਸਿੰਘ, ਜੋ ਆਪਣੇ ਅਸਲੇ ਤੋਂ ਅਨਜਾਣੂ ਨੇ, ਉਹ ਗਿਦੜੀ ਦੇ ਸ਼ੇਰ ਦੇ ਬੱਚੇ ਨੂੰ ਪਾਲਣ ਵਾਂਗ ਆਪਣੇ ਆਪ ਨੂੰ ਠੀਕ ਹੀ 'ਮਿਰਗਾਵਲੀ' ਸਮਝ ਲੈਂਦੇ ਨੇ ਅਤੇ ਆਪਣੇ ਸ਼ੇਰ ਵਾਲੇ ਰੂਪ ਤੇ ਗੁਣਾਂ ਨੂੰ ਭੁੱਲ ਕੇ ਜੰਗਲ ਦੇ ਅਨੇਕਾਂ ਮਿਰਗਾਂ ਆਦਿ ਵਿਚ ਵਸਦੇ ਹੋਏ ਮਿਰਗ ਹੀ ਹੋ ਜਾਂਦੇ ਨੇ, ਜਿਸ ਦਾ ਅਖੀਰ ਸਿੱਟਾ ਇਹੋ ਨਿਕਲਦਾ ਹੈ ਕਿ ਉਨ੍ਹਾਂ ਦਾ ਸਿੰਘ ਵਾਂਗ ਬੁੱਕਣਾ ਭੀ ਖ਼ਤਮ ਹੋ ਜਾਂਦਾ ਏ।

ਮੇਰੇ ਸਿੰਘ ਵੀਰ, ਤੇਰੇ ਉਤੇ ਇਹ ਪ੍ਰਭਾਵ ਪਾਇਆ ਜਾ ਰਿਹਾ ਏ, ਅਤੇ ਤੂੰ ਦਰ-ਪਰਦਾ ਇਸ ਦਾ ਸ਼ਿਕਾਰ ਹੋ ਰਿਹਾ ਏਂ। ਤੇਰਾ ਆਚਰਨ ਤੇਥੋਂ ਖੋਹਿਆ ਜਾ ਰਿਹਾ ਏ, ਤੇਰਾ ਰੂਪ ਧੁੰਧਲਾ, ਨਹੀਂ ਨਹੀਂ ਤੈਨੂੰ ਕਰੂਪ ਕੀਤਾ ਜਾ ਰਿਹਾ ਏ, ਵਰਜੀਆਂ ਬਿਦਤਾਂ ਵਿਚ ਤੈਨੂੰ ਮੁੜ ਫਸਾਇਆ ਜਾ ਰਿਹਾ ਏ, ਵਿਖਾਵੇ ਦੇ ਮਾਨ ਹੇਠਾਂ ਤੇਰਾ ਅਪਮਾਨ ਹੋ ਰਿਹਾ ਏ। ਤੇਰੀ ਪਗੜੀ ਉਤਾਰੀ ਜਾ ਰਹੀ ਏ, ਸੰਭਾਲ ਏਸ ਪਗੜੀ ਨੂੰ, ਇਸੇ ਵਿਚ ਤੇਰੀ ਸ਼ਾਨ ਏ, ਇਸੇ ਤੈਨੂੰ ਸਰਦਾਰ ਕੀਤਾ ਏ। ਕਿਉਂ ਸਰਦਾਰੀ ਨੂੰ ਹੱਥੋਂ ਗੁਆਉਂਦਾ ਏਂ ? ਸ਼ੇਰ ਤੋਂ ਮਿਰਗ ਕਿਉਂ ਬਣਦਾ ਏਂ ? ਜੇ ਤੂੰ ਸ਼ੇਰ ਨਾ ਰਿਹਾ, ਤਾ ਤੈਨੂੰ ਕੋਈ ਹੋਰ ਸ਼ੇਰ ਖਾ ਜਾਏਗਾ ? ਤੂੰ ਮਹਾਨ ਵਿਰਸੇ ਦਾ ਮਾਲਕ ਏਂ, ਆਪਣਾ ਵਿਰਸਾ ਕਿਉਂ ਖੋਂਹਦਾ ਏਂ ? ਚੇਤੇ ਰਖ ਉਸ ਮਹਾਨ ਗੁਰੂ ਦੀ ਮਹਾਨ ਵਡਿਆਈ ਨੂੰ, ਜਿਸ ਦੇ ਬਖਸ਼ੇ ਆਬੇ ਹਯਾਤ ਨੇ ਤੈਨੂੰ ਗਿਦੜੋਂ ਸ਼ੇਰ ਕਰ ਦਿਤਾ, ਤੈਨੂੰ ਦਾਸ ਤੋਂ ਸਰਦਾਰ ਬਣਾ ਦਿਤਾ। ਅਪਣਾਅ ਅਜਿਹੇ ਗੁਰੂ ਦਾ ਰੂਪ ਤੇ ਰਹਿਣੀ ਅਤੇ ਕਾਇਮ ਰਖ ਗੁਰੂ ਨਾਲ ਪੈਦਾ ਹੋਈ ਸਿੰਘ ਦੀ ਸਾਂਝ, ਬਸ, ਇਹੋ ਰਾਜ਼ ਏ ਤੇਰੀ ਸਾਰੀ ਵਡਿਆਈ ਦਾ।

ਪਗੜੀ ਸੰਭਾਲ ਸਿੰਘਾ, ਪਗੜੀ ਸੰਭਾਲ ਓਇ।
ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ

# ਰੁਬਾਈਆਂ

[ ਸ: ਤੇਗ ਬਹਾਦਰ ਸਿੰਘ ਤੇਗ ]

ਖਾ ਚੱਲਿਆ ਹਾਂ, ਪੀ ਚੱਲਿਆ ਹਾਂ।
ਮੱਲੋ ਜ਼ੋਰੀ, ਜੀ ਚੱਲਿਆ ਹਾਂ।
ਕਿਸ ਕੰਮ ਆਇਆ ਵਿਚ ਦੁਨੀ ਦੇ,
ਸੋਚ ਵਿਹੂਣਾ ਹੀ ਚੱਲਿਆ ਹਾਂ। ੧।

ਜੋ ਅੰਦਰੋਂ ਹੋਰ, ਬਾਹਰੋਂ ਹੋਰ ਹੁੰਦੇ ਨੇ।
ਘਰ ਵਿਚ ਰੱਬ ਦੇ, ਅਸਲੀ ਉਹ ਚੋਰ ਹੁੰਦੇ ਨੇ।
ਠੱਗੀ ਠੋਰੀ ਚੱਤੋ ਪਹਿਰ ਕੰਮ ਉਨ੍ਹਾਂ ਦਾ;
ਨਾਮ ਦੇ ਰਸੀਏ ਗੁਰਮੁਖ ਹੋਰ ਹੁੰਦੇ ਨੇ। ੨।

ਅਸੀਂ ਤਾਂ ! ਜੰਗ ਦੇ ਆਦੀ ਹਾਂ ਜੰਗ ਲੜਨਾ ਹੈ।
ਤਲੀ ਤੇ ਸੀਸ ਧਰ ਕੇ ਮੈਦਾਨਿ-ਜੰਗ 'ਚ ਖੜਨਾ ਹੈ।
ਅਸੀਂ ਤਾਂ ਕਸਮ ਖਾਧੀ ਹੈ ਜੰਗ 'ਚ ਜੂਝਣ ਦੀ;
ਘਰ ਦੀ ਮਾਲਕੀ ਬਿਨਾ ਸਾਡਾ ਕਿਥੋਂ ਸਰਨਾ ਹੈ ?੩।

ਰੱਬ ਭਗਤੀ ਦੇਸ਼-ਭਗਤੀ ਮਹਿੰਗੀਆਂ ਦੋਵੇਂ ਗੱਲਾਂ।
ਸੱਚੇ ਬੰਦੇ ਸਦਾ ਹੀ ਅੜ ਕੇ ਮਾਰ ਲੈਂਦੇ ਹਨ ਮੱਲਾਂ।
ਪਾਪੀ ਪਾਖੰਡੀ ਲੋਭੀ ਬੰਦੇ ਗੱਲਾਂ ਬੜੀਆਂ ਕਰਦੇ;
ਨਿਮਾਣੇ ਨਿਤਾਣੇ ਹੁੰਦੇ ਜਿਹੜੇ ਪਾ ਜਾਂਦੇ ਹਨ ਠੱਲ੍ਹਾਂ।੪।

ਗਈ ਜੁਆਨੀ ਆਇਆ ਬੁਢਾਪਾ, ਉਮਰ ਬੀਤ ਗਈ ਸਾਰੀ।
ਨਾਮ ਪ੍ਰਭੂ ਦਾ ਨਾ ਜਪਿਆ ਬੰਦੇ, ਕੂਚ ਦੀ ਹੋ ਗਈ ਤਿਆਰੀ।
ਪਛਤਾਉਣ ਨਾਲ ਨ ਬਣਦਾ ਕੁਝ ਵੀ, ਬਿਗੜਿਆ ਹੈ ਕੀ ਤੇਰਾ ?
ਦਮ ਦਮ ਨਾਮ ਸੰਭਾਲ ਪ੍ਰਭੂ ਦੀ, ਕਿਉਂ ਮੱਤ ਗਈ ਹੈ ਮਾਰੀ ? ੫।



www.AKJ.Org

# ਪਹਿਲਾ ਘਲੂਘਾਰਾ (੭)

(ਕੈਪਟਿਨ ਸਵਰਨ ਸਿੰਘ ਜੀ)

ਇਸ ਤੋਂ ਪਹਿਲਾਂ ਕਿ ਮੋਮਨ ਖਾਨ ਦੀਆਂ ਲਾਹੌਰੀ ਫੌਜਾਂ ਤੇ ਦੁਰਾਨੀ ਫੌਜਾਂ ਮਿਲ ਕੇ ਸਿੰਘਾਂ ਨੂੰ ਘੇਰੇ ਵਿਚ ਲੈ ਲੈਣ, ਸਿੰਘ ਦਰਿਆਉਂ ਪਾਰ ਹੋ ਗਏ। ਇਹ ਦੁਰਾਨੀ ਫੌਜ ਲਾਹੌਰੋਂ ਮਾਰੋ ਮਾਰ ਕਰਦੀ ਆਈ ਸੀ ਕਿ ਇਕ ਤਾਂ ਸਿਖ ਮਾਰਨ ਦਾ ਸਵਾਬ ਮਿਲੇਗਾ ਤੇ ਦੂਸਰਾ ਲਾਹੌਰੀ ਫੌਜ ਉਤੇ ਆਪਣੀ ਤਾਕਤ ਤੇ ਬਰਤਰੀ ਦਾ ਸਿਕਾ ਬਿਠਾ ਲਵੇਗੀ। ਪਰ ਸ਼ਿਕਾਰ ਹਥੋਂ ਨਿਕਲ ਗਿਆ ਵੇਖ ਕੇ ਅਫਗਾਨ ਬੜੇ ਤਲੀਉ-ਮੱਛੀ ਹੋਏ, ਦੰਦ ਪੀਹਣ ਲਗੇ। ਪਰ ਹੁਣ ਬਣ ਕੁਝ ਨਹੀਂ ਸੀ ਸਕਦਾ। ਮੋਮਨ ਖਾਨ ਸਿਖਾਂ ਦੀ ਖੋ ਤੋਂ ਵਾਕਿਫ਼ ਸੀ ਅਤੇ ਸਮਝਦਾ ਸੀ ਕਿ ਜੇ ਇਹਨਾਂ ਦੀ ਗੈਰਤ ਨੂੰ ਵੰਗਾਰਿਆ ਜਾਵੇ ਤਾਂ ਇਹ ਥੋੜਿਆ ਬਹੁਤਿਆਂ ਤੇ ਨਫੇ ਨੁਕਸਾਨ ਦੀਆਂ ਸੋਚਾਂ ਵਿਚਾਰਾਂ ਛੱਡ ਕੇ ਮੈਦਾਨ ਵਿਚ ਆ ਡਟਦੇ ਹਨ ਤੇ ਆਪਣੀ ਅਣਖ ਤੇ ਮਰ ਮਿਟਦੇ ਹਨ। ਮੋਮਨ ਖਾਨ ਨੇ ਇਹ ਮਿਥ ਕੇ ਅਫਗਾਨ ਅਫ਼ਸਰਾਂ ਵਲੋਂ ਸਿੰਘਾਂ ਨੂੰ ਇਕ ਚਿੱਠੀ ਲਿਖਵਾਈ ਕਿ ਅਸੀਂ ਅਫਗਾਨ ਅਹਿਮਦ ਸ਼ਾਹ ਦੇ ਭਾਈ ਬੰਦ ਹਾਂ। ਤੁਸੀਂ ਵੀ ਜਹਾਨ ਵਿਚ ਜੰਗਜੂ ਪ੍ਰਸਿਧ ਹੋ। ਅਸੀਂ ਤੁਹਾਡੇ ਨਾਲ ਲੜਾਈ ਵਿਚ ਹੱਥ ਵੇਖਣ ਆਏ ਸਾਂ। ਪਰ ਤੁਸੀਂ ਤਾਂ ਬਿਨ ਲੜੇ ਹੀ ਕਾਇਰਾਂ ਵਾਂਗ ਪਹਿਲਾਂ ਹੀ ਦੌੜ ਗਏ ਹੋ। ਜੇ ਸੱਚ ਮੁਚ ਦੇ ਸਿੰਘ ਹੋ ਤਾਂ ਆਉ ਮੈਦਾਨ ਵਿਚ, ਤਲਵਾਰਾਂ ਨਾਲ ਲੜੋ ਤੇ ਦਿਲਾਂ ਦੀਆਂ ਸਧਰਾਂ ਲਾਹ ਲਈਏ। ਜੇ ਇਸ ਤਰ੍ਹਾਂ ਨਹੀਂ ਲੜਨਾ ਤਾਂ ਇਕ ਦੁਰਾਨੀ ਨਾਲ ਦੋ ਦੋ ਸਿੰਘ ਹੋ ਕੇ ਲੜ ਲਉ। ਬਾਕੀ ਸਾਡੀ ਸਾਰੀ ਫੌਜ ਦੂਰ ਖੜੀ ਵੇਖਦੀ ਰਹੇਗੀ। ਖ਼ੁਦਾ ਗਵਾਹ ਹੈ ਅਸੀਂ ਆਪਣੇ ਹਰਫ਼ ਤੇ ਕਾਇਮ ਰਹਾਂਗੇ। ਸਾਡੇ ਵਲੋਂ ਕੋਈ ਦਗਾ ਨਹੀਂ ਹੋਵੇਗਾ। ਜੇ ਲੜ ਨਹੀਂ ਸਕਦੇ ਤਾਂ ਸਿੰਘ ਨਾਮ ਤੇ ਸ਼ਸਤਰ ਛੱਡ ਕੇ ਘਰਾਂ ਨੂੰ ਜਾਉ, ਖੇਤੀ ਵਾਹੀ ਕਰੋ ਤੇ ਜੱਟ ਸਦਵਾਉ। ਦੁਰਾਨੀਆਂ ਦੀ ਇਹ ਵੰਗਾਰ ਸਿੰਘਾਂ ਵਿਚ ਦੀ ਤਾਰ ਵਾਂਗ ਫਿਰ ਗਈ। ਅਗੋਂ ਸਿੰਘਾਂ ਨੇ ਉੱਤਰ ਭੇਜਿਆ, ਤੁਹਾਡੇ ਸਾਡੇ ਜੰਗ ਦਾ ਤਾਂ ਸੁਵਾਦ ਹੈ ਕਿ ਤੁਹਾਡੀ ਵਲੋਂ ਦਸ ਦੁਰਾਨੀ ਬੰਦੂਕਾਂ ਤਲਵਾਰਾਂ ਲੈ ਕੇ ਆਉਣ, ਇਧਰੋਂ ਕੇਵਲ ਪੰਜ ਭੁਚੰਗੀ ਸਿੰਘ, ਰਾਮ ਜੰਗੇ ਤੇ ਢਾਲਾਂ ਤਲਵਾਰਾਂ ਲੈ ਕੇ ਟਾਕਰੇ ਲਈ ਨਿਤਰਨਗੇ। ਕਿਉਂਕਿ ਸਾਨੂੰ ਸਾਡੇ ਸਤਿਗੁਰੂ ਜੀ ਦਾ ਹੁਕਮ ਹੈ ਕਿ ਸਵਾ ਲਖ ਤੁਰਕ ਨਾਲ ਇਕ ਸਿੰਘ ਨੂੰ ਲੜਾਉਣਾ ਹੈ, ਪਰ ਉਹ ਸਮਾਂ ਅਜੇ ਆਇਆ ਨਹੀਂ। ਅਫਗਾਨਾਂ ਨੇ ਅਗੋਂ ਉੱਤਰ ਘਲਿਆ ਕਿ ਸਾਨੂੰ ਬੰਦੂਕਾਂ ਦੀ ਲੜਾਈ ਪ੍ਰਵਾਨ ਨਹੀਂ, ਅਸੀਂ ਸਿਰਫ ਸ਼ਮਸ਼ੀਰਾਂ-ਤਲਵਾਰਾਂ ਨਾਲ ਹੀ ਲੜਨਾ ਚਾਹੁੰਦੇ ਹਾਂ। ਸਿੰਘਾਂ ਵੀ ਅਗੋਂ ਜਵਾਬ ਦੇ ਘਲਾਇਆ ਕਿ ਅਸੀਂ ਤਾਂ ਬੰਦੂਕਾਂ ਦੀ ਲੜਾਈ ਲੜਾਂਗੇ। ਤੁਸਾਂ ਲੜਾਈ ਦੀ ਖਾਹਿਸ਼ ਜ਼ਾਹਰ ਕੀਤੀ ਹੈ, ਆਉ ਨਜ਼ਾਰੇ ਵੇਖ ਲਈਏ। ਪਰ ਗੱਲ ਕਿਸੇ ਸਿਰੇ ਨਾ ਲਗੀ। ਸਿੰਘ ਬੰਦੂਕਾਂ ਦੀ ਲੜਾਈ ਪਰ ਅੜੇ ਰਹੇ ਤੇ ਦੁਰਾਨੀ ਸਿਰਫ਼ ਤਲਵਾਰਾਂ ਨਾਲ ਹੀ ਲੜਨਾ ਚਾਹੁੰਦੇ ਸਨ। ਵਿਚੋਂ ਅਸਲ ਗੱਲ ਇਹ ਸੀ ਕਿ ਅਫ਼ਗਾਨਾਂ ਦੇ ਪਿੰਡਿਆਂ ਤੇ ਜ਼ਰਹ-ਬਕਤਰਾਂ ਪਾਈਆਂ ਹੋਈਆਂ ਸਨ ਤੇ ਸਿਰਾਂ ਤੇ ਲੋਹੇ ਦੇ ਖੋਦ ਸਨ, ਤੇੜ ਲੋਹੇ ਦੀਆਂ ਸੁਥਣੀਆਂ ਚਾੜ੍ਹੀਆਂ ਹੋਈਆਂ ਸਨ। ਉਹ ਸਿਰਾਂ ਤੋਂ ਲੈ ਕੇ ਪੈਰਾਂ ਤਕ ਲੋਹੇ ਵਿਚ ਮੜ੍ਹੇ ਹੋਏ ਸਨ। ਦੂਜੇ ਪਾਸੇ ਸਿੰਘਾਂ ਦੇ ਤਨ ਤੇ ਕਪੜਾ ਵੀ ਪੂਰਾ ਕਿਸੇ ਦੇ ਹੀ ਸੀ। ਸੰਜੋ ਚਿਲਤਾ ਤੇ ਖੋਦ ਸ਼ਾਇਦ ਕਿਸੇ ਇਕ ਅਧੇ ਪਾਸ ਹੋਵੇ। ਇਹੋ ਕਾਰਨ ਸੀ ਕਿ ਦੁਰਾਨੀ ਮੁੜ ਮੁੜ ਤਲਵਾਰਾਂ ਦੀ ਲੜਾਈ ਪਰ ਜ਼ੋਰ ਦੇ ਰਹੇ ਸਨ। ਦੂਜੇ ਪਾਸੇ ਸਿੰਘਾਂ ਦੇ ਬੰਦੂਕਾਂ ਦੇ ਨਿਸ਼ਾਨੇ ਦੀ ਦੂਰ ਦੂਰ ਤਕ ਧੁੰਮ ਪਈ ਹੋਈ ਸੀ, ਜਿਸ ਦਾ ਜ਼ਿਕਰ ਸੱਯਦ ਗੁਲਾਮ ਅਲੀ ਆਪਣੀ ਪ੍ਰਸਿਧ ਪੁਸਤਕ, "ਇਮਾਦੁ-ਸਆਦਤ" ਵਿਚ ਕਰਦਾ ਹੋਇਆ ਲਿਖਦਾ ਹੈ ਕਿ "... ਉਨ੍ਹਾਂ (ਸਿੰਘਾਂ) ਦੀ ਬੰਦੂਕ ਨੌ ਸੌ ਕਦਮ ਤੇ ਆਦਮੀ ਦੀ ਜਾ ਖਬਰ ਲੈਂਦੀ ਹੈ।" ਸਿੰਘਾਂ ਦੇ ਇਸ ਵਸਫ ਨੇ ਦੁਰਾਨੀਆਂ ਦੇ ਦਿਲਾਂ ਤੇ ਬਹੁਤ ਦਹਿਸ਼ਤ ਬਿਠਾਈ ਹੋਈ ਸੀ। ਇਹੋ ਕਾਰਨ ਸੀ ਕਿ ਉਹ ਬੰਦੂਕਾਂ ਨਾਲ ਲੜਾਈ ਵਾਲੇ ਪਾਸੇ ਨਹੀਂ ਸਨ ਆਉਂਦੇ।

ਅਗਲੇ ਦਿਨ ਇਕ ਅਖੜ ਜਿਹਾ ਹਰਕਾਰਾ ਆਇਆ ਤੇ ਬੜੀ ਕੁਰਖਤ ਬੋਲੀ ਵਿਚ ਕਹਿਣ ਲੱਗਾ ਕਿ ਜੇ ਤੁਹਾਡੇ ਵਿਚ ਕੋਈ ਦਾੜ੍ਹੀ ਮੁਛ ਵਾਲੇ ਮਰਦ ਹਨ ਤਾਂ ਇਕੱਲਾ ਇਕੱਲਾ ਆ ਕੇ ਤਲਵਾਰ ਨਾਲ ਹੱਥ ਕਰ ਵੇਖੋ।



www.AKJ.Org

ਤੁਸੀਂ ਗੁਰੂ ਦੇ ਸਿੰਘ ਅਖਵਾਉਂਦੇ ਹੋ, ਤੁਹਾਨੂੰ ਗੁਰੂ ਦੀ ਸੁਗੰਦ ਹੈ, ਜੇ ਤੁਸੀਂ ਸਾਡੇ ਨਾਲ ਜਵਾਨਾਂ ਵਾਂਗ ਹਥ ਕਰਕੇ ਨਿਤਾਰਾ ਨਾ ਕਰੋ। ਫਿਰ ਉਸ ਨੇ ਇਕੱਲੇ ਇਕੱਲੇ ਸਿੰਘ ਦਾ ਨਾਉਂ ਲੈ ਕੇ ਧ੍ਰਿਤਕਾਰਨਾਂ ਸ਼ੁਰੂ ਕਰ ਦਿਤਾ ਕਿ ਗੁਰੂ ਦੇ ਸਿੰਘ ਬਣ ਕੇ ਬਾਣੇ ਨੂੰ ਲਾਜ ਲਾ ਰਹੇ ਹੋ। ਤੁਹਾਡੀ ਇਸ ਸੂਰਮਗਤੀ ਖੁਣੋਂ ਕੀ ਥੁੜ੍ਹਿਆ ਪਿਆ ਹੈ। ਸ਼ਸਤਰ ਛੱਡ ਕੇ ਘਰਾਂ ਨੂੰ ਤੁਰ ਜਾਉ। ਆਪਣੇ ਪੁਰਖਿਆਂ ਦੇ ਨਾਂ ਨੂੰ ਲਾਜ ਨਾ ਲਾਉ।''

ਇਹ ਸੁਣ ਕੇ ਸ: ਚੜ੍ਹਤ ਸਿੰਘ ਨੂੰ ਰੋਹ ਚੜ੍ਹ ਗਿਆ। ਉਸ ਦਾ ਸਰੀਰ ਤਾਂਬੇ ਵਾਂਗ ਭਖ ਉਠਿਆ। ਬੰਦੂਕ ਪਰ੍ਹਾਂ ਰਖ ਕੇ ਖੰਡਾ ਸੂਤ ਕੇ ਦੁਰਾਨੀਆਂ ਦੇ ਟਾਕਰੇ ਲਈ ਤੁਰ ਪਿਆ ਤੇ ਹਰਕਾਰੇ ਨੂੰ ਆਖਿਆ, ਜਾਹ ਲਿਆ ਆਪਣੀ ਫੌਜ ਵਿਚੋਂ ਜਿਸ ਨੂੰ ਸਭ ਤੋਂ ਵਡਾ ਸੂਰਮਾ ਮਿਥੀ ਬੈਠੇ ਹੋ।

ਜਦ ਸਰਦਾਰ ਸੁਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਸਰਦਾਰ ਚੜ੍ਹਤ ਸਿੰਘ ਨੂੰ ਦੁਰਾਨੀਆਂ ਵੱਲ ਇਸ ਤਰ੍ਹਾਂ ਤਿਆਰ ਹੋ ਤੁਰਿਆ ਡਿਠਾ ਤਾਂ ਉਸ ਨੇ ਘੋੜਾ ਛੇੜ ਕੇ ਉਸ ਨੂੰ ਜਾ ਰੋਕਿਆ ਤੇ ਆਖਿਆ ਕਿ ''ਸਿੰਘਾ! ਤੂੰ ਅਜੇ ਚੜ੍ਹਦੀ ਉਮਰ ਦਾ ਮੁੰਡਾ ਹੈਂ। ਰੋਹ, ਬਲ ਦੇ ਨਾਲ ਤਜਰਬੇ ਦੀ ਵੀ ਲੋੜ ਹੈ। ਇਹਨਾਂ ਦੁਰਾਨੀਆਂ ਵਿਚੋਂ ਹਰ ਕੋਈ ਤੇਰੇ ਨਾਲੋਂ ਚੌਗਣੀ ਤਾਕਤ ਦਾ ਹੈ। ਹਰ ਕੋਈ ਸੰਜੋਆਂ, ਜ਼ਰਹ-ਬਕਤਰਾਂ ਨਾਲ ਮੜ੍ਹਿਆ ਹੋਇਆ ਹੈ। ਸਰੀਰ ਦਾ ਕੋਈ ਹਿੱਸਾ ਨੰਗਾ ਨਹੀਂ। ਸ਼ਾਇਦ ਇਨ੍ਹਾਂ ਦੀ ਸੰਜੋਅ ਦੀ ਤੂੰ ਇਕ ਕੜੀ ਵੀ ਨਾ ਤੋੜ ਸਕੇਂ। ਦੁਰਾਨੀ ਸਿਪਾਹੀ ਤਾਂ ਇਕ ਪਾਸੇ ਰਹੇ, ਇਨ੍ਹਾਂ ਦੇ ਘੋੜੇ ਵੀ ਲੋਹੇ ਨਾਲ ਮੜ੍ਹੇ ਹੋਏ ਹਨ। ਇਸ ਬਲ ਤੇ ਹੀ ਤਾਂ ਇਹ ਤਲਵਾਰ ਦੀ ਲੜਾਈ ਲਈ ਜ਼ੋਰ ਦੇ ਰਹੇ ਹਨ। ਸਾਡੇ ਪਾਸ ਸੰਜੋਆਂ ਹੈ ਕੋਈ ਨਹੀਂ, ਉਨ੍ਹਾਂ ਦੀਆਂ ਅਸੀਂ ਲੁਹਾ ਸਕਦੇ ਨਹੀਂ। ਚੜ੍ਹਤ ਸਿੰਘ ਨੇ ਉੱਤਰ ਦਿਤਾ ਕਿ, ''ਮੈਂ ਮੰਨਦਾ ਹਾਂ ਕਿ ਮੈਂ ਬਾਲਕ ਹਾਂ, ਮੈਨੂੰ ਬਹੁਤਾ ਤਜਰਬਾ ਨਹੀਂ।'' ਦੁਰਾਨੀ ਤਕੜੇ ਵੀ ਹਨ ਤੇ ਸੰਜੋਆਂ ਵਿਚ ਡੁਬੇ ਹੋਏ ਹਨ। ਪਰ ਮੈਂ ਜਿਉਂਦੇ ਜੀ ਪੰਥ ਦੀ ਹਾਨੀ ਵਾਲੇ ਸ਼ਬਦ ਆਪਣੇ ਕੰਨਾਂ ਨਾਲ ਨਹੀਂ ਸੁਣ ਸਕਦਾ। ਪੰਥ ਦੀ ਸ਼ਾਨ ਲਈ ਲੜ ਕੇ ਮਰ ਜਾਣਾ ਮੈਂ ਚੰਗਾ ਸਮਝਦਾ ਹਾਂ। ਜਿਤ ਹਾਰ ਜਾਂ ਮਰਨਾ ਮਾਰਨਾ ਸਤਿਗੁਰੂ ਦੇ ਹੱਥ ਹੈ, ਪਰ ਸਾਹਸ ਤੇ ਉਦਮ ਕਰਨਾ ਤਾਂ ਸਿੰਘ ਦਾ ਧਰਮ ਹੈ। ਮੈਂ ਸਿੰਘਾਂ ਵਿਚ ਜੰਮ ਪਲ ਕੇ ਸਿੰਘ ਸਜਿਆ ਹਾਂ, ਸਿੰਘਾਂ ਨੂੰ ਵੰਗਾਰ ਕੇ ਇਹ ਦੁਰਾਨੀ ਜਾਣਗੇ ਕਿਥੇ ? ਤੁਸੀਂ ਜ਼ਰਾ ਜਲਵਾ ਵੇਖੋ। ਸਤਿਗੁਰੂ ਦੀ ਕ੍ਰਿਪਾ ਨਾਲ ਮੈਂ ਟਾਕਰੇ ਲਈ ਆਏ ਦੁਰਾਨੀ ਦੇ ਸੰਜੋਆਂ ਸਮੇਤ ਪੁਰਜ਼ੇ ਉਡਾ ਦਿਆਂਗਾ। ਭਰੋਸਾ ਰਖੋ, ਮੈਂ ਪੰਥ ਦੀ ਸ਼ਾਨ ਨੂੰ ਵੱਟਾ ਨਹੀਂ ਲੱਗਣ ਦੇਂਦਾ।''

ਇਹ ਸੁਣ ਕੇ ਸੁਖਾ ਸਿੰਘ ਗਦ ਗਦ ਹੋ ਗਿਆ। ਆਖਿਆ ਮੁੰਡਿਆਂ ਤੈਥੋਂ ਬਲਿਹਾਰ ਹਾਂ! ਤੂੰ ਧੰਨ ਹੈਂ! ਪਰ ਤੂੰ ਹੁਣ ਖੜੋ ਕੇ ਨਜ਼ਾਰਾ ਤੱਕ ਤੇ ਦੁਰਾਨੀ ਨਾਲ ਸਾਡੀ ਚਾਲ ਤੇ ਹੱਥ ਵੇਖ! ਇੰਜ ਚੜ੍ਹਤ ਸਿੰਘ ਨੂੰ ਰੋਕ ਕੇ ਸੁਖਾ ਸਿੰਘ ਨੇ ਸੰਜੋਅ ਅਤੇ ਫੌਲਾਦੀ ਦਸਤਾਨੇ ਸਜਾਏ। ਸਿਰ ਤੇ ਖੋਦ ਟਿਕਾਈ। ਘੋੜੇ ਤੇ ਉਹ ਪਾਖਰ ਪਾਈ ਜੋ ਗਿਲਜ਼ਈਆਂ ਪਾਸੋਂ ਖੋਹੀ ਹੋਈ ਸੀ। ਪੇਸ਼ਕਬਜ਼ ਤੇ ਦੋ ਸਰੋਹੀਆਂ ਗਾਤਰੇ ਸਜਾ ਕੇ ਢਾਲ ਲੈ ਕੇ ਤਿਆਰ ਹੋ ਗਿਆ। ਪੰਜਾਂ ਸਿੰਘਾਂ ਨੇ ਅਰਦਾਸ ਕੀਤੀ। ਸੁਖਾ ਸਿੰਘ ਨੇ ਮੱਥਾ ਟੇਕਿਆ ਤੇ ਚਾਲੇ ਪਾ ਦਿਤੇ। ਘੋੜਾ ਛੇੜ ਕੇ ਸੰਨ੍ਹ ਵਾਲੀ ਪਾਣੀ ਦੀ ਫਾਟ ਲੰਘ ਕੇ ਦਰਿਆ ਦੀ ਬਰੇਤੀ ਤੇ ਜਾ ਦੁਰਾਨੀਆਂ ਨੂੰ ਲਲਕਾਰਿਆ। ਮਿਥਿਆ ਇਹ ਗਿਆ ਸੀ ਕਿ ਲੜਾਈ ਦਰਿਆ ਵਿਚ-ਕਾਰ ਪਈ ਬਰੇਤੀ ਉਤੇ ਹੋਵੇਗੀ। ਦੋਵੇਂ ਧਿਰਾਂ ਕੰਢਿਆਂ ਤੇ ਖੜੋ ਕੇ ਆਪਣੇ ਆਪਣੇ ਸੂਰਮੇ ਨੂੰ ਲੜਦਾ ਵੇਖਣਗੀਆਂ। ਕੋਈ ਅੱਗੇ ਹੋ ਕੇ ਦਖਲ ਨਹੀਂ ਦੇਵੇਗਾ। ਜਿਤ-ਹਾਰ ਇਕ ਧਿਰ ਦੀ ਮੌਤ ਨਾਲ ਹੋਵੇਗੀ।

ਦੁਰਾਨੀਆਂ ਵਾਲੇ ਪਾਸਿਉਂ ਇਕ ਮਨਾਰੇ ਵਰਗਾ ਡਾਢਾ ਜਵਾਨ ਸੰਜੋਅ ਖੋਦ ਨਾਲ ਢਕਿਆ ਹੋਇਆ ''ਯਾ ਐਲੀ, ਯਾ ਐਲੀ'', ਦੇ ਨਾਅਰੇ ਮਾਰਦਾ ਹੋਇਆ ਘੋੜਾ ਭਜਾ ਕੇ ਬਰੇਤੀ ਤੇ ਆ ਨਿਤਰਿਆ। ਤੇ ਆਉਂਦੇ ਸਾਰ ਹੀ ਸ: ਸੁਖਾ ਸਿੰਘ ਉਤੇ ਟੁਟ ਪਿਆ। ਲੜਾਈ ਸ਼ੁਰੂ ਹੋ ਪਈ। ਦੋਹਾਂ ਦਾ ਬਰਾਬਰ ਦਾ ਜੋੜ ਸੀ। ਵਦਾਨਾਂ ਵਾਂਗ ਢਾਲਾਂ ਉਤੇ ਸੱਟਾਂ ਪੈਣ ਲਗੀਆਂ। ਜਦ ਬਿਜਲੀ ਸਮਾਨ ਲਿਸ਼ਕਦੀਆਂ ਤੇਗਾਂ ਆਪੋ ਵਿਚ ਟਕਰਾਉਂਦੀਆਂ ਤਾਂ ਚੰਗਿਆੜੇ ਝੜ ਝੜ ਪੈਂਦੇ। ਲੜਦੇ ਲੜਦੇ ਦੋਵੇਂ ਸੂਰਮੇ ਜ਼ਖਮੀ ਹੋ ਗਏ। ਉਹਨਾਂ ਦੇ ਘੋੜੇ ਵੀ ਜ਼ਖਮਾਂ ਤੇ ਥਕੇਵੇਂ ਨਾਲ ਚੂਰ ਹੋ ਚੁਕੇ ਸਨ। ਇਕ ਵਾਰ ਲੜਦੇ ਹੋਏ ਦੋਵੇਂ ਯੋਧੇ ਇੰਨੇ ਲਾਗੇ ਹੋ ਗਏ ਕਿ ਜਫੋ ਜਫੀ ਹੋਏ ਥਲੇ ਜ਼ਮੀਨ ਤੇ ਆ ਡਿਗੇ।



www.AKJ.Org

ਇਸ ਵੇਲੇ ਸੁਖਾ ਸਿੰਘ ਨੇ ਦੁਰਾਨੀ ਉਤੇ ਇਕ ਦਾਉ ਭਰ ਲਿਆ। ਉਸ ਨੇ ਆਪਣੀ ਗਿੱਚੀ ਉਠਾਈ ਤੇ ਦੁਰਾਨੀ ਦੀ ਸੰਜੋਅ ਚੁੱਕ ਕੇ ਕਟਾਰ ਉਸ ਦੇ ਢਿਡ ਵਿਚ ਖੋਭ ਦਿਤੀ ਤੇ ਦੁਰਾਨੀ ਨੂੰ ਮਾਰ ਕੇ ਸੁਖਾ ਸਿੰਘ ਨੇ ਗੱਜ ਕੇ ਫਤਹਿ ਬੁਲਾਈ। ਜੇਕਾਰਾ ਛੁਟਣ ਦੀ ਦੇਰ ਸੀ ਕਿ ਸਾਹਮਣੇ ਮਰੇ ਪਏ ਸਾਥੀ ਨੂੰ ਵੇਖ ਕੇ ਗੁੱਸੇ ਵਿਚ ਆਏ ਦੁਰਾਨੀਆਂ ਨੇ ਹੱਲਾ ਬੋਲ ਦਿਤਾ। ਰੱਬ ਨੂੰ ਗਵਾਹ ਮੰਨਿਆ ਸੀ, ਸੋ ਸਭ ਭੁਲ ਗਏ। ਸਿੰਘ ਵੀ ਤਿਆਰ ਬਰ-ਤਿਆਰ ਖੜੇ ਸਨ। ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਫਗਾਨ ਆਪਣੇ ਬੋਲ ਤੇ ਕਸਮ ਦੇ ਕਿੰਨੇ ਕੁ ਪੱਕੇ ਹੁੰਦੇ ਹਨ। ਚੜ੍ਹਤ ਸਿੰਘ ਘੋੜਾ ਭਜਾ ਕੇ ਬਿਜਲੀ ਵਾਂਗ ਗਿਆ ਤੇ ਸੁਖਾ ਸਿੰਘ ਨੂੰ ਬਾਹੋਂ ਫੜ ਕੇ ਘੋੜ ਤੇ ਚੜ੍ਹਾ ਉਰਾਰ ਸਿੰਘਾਂ ਪਾਸ ਲੈ ਆਇਆ। ਜਿਹੜੇ ਦੁਰਾਨੀ ਹੱਲਾ ਕਰ ਕੇ ਅਗੇ ਵਧੇ ਸਨ, ਉਹਨਾਂ ਨਾਲ ਸਿੰਘ ਜੁਟ ਪਏ। ਤੇ ਮਾਰ ਮਾਰ ਕੇ ਉਹਨਾਂ ਨੂੰ ਪਿਛਾਂਹ ਹਟਾ ਦਿਤਾ।[1] ਦੁਰਾਨੀਆਂ ਦਾ ਐਸਾ ਹੰਕਾਰ ਟੁਟਾ ਕਿ ਫਿਰ ਕਦੀ ਸਿੰਘਾਂ ਨੂੰ ਵੰਗਾਰ ਕੇ ਐਸੀ ਖੇਡ ਖੇਡਣ ਦਾ ਉਨ੍ਹਾਂ ਨੂੰ ਹੌਸਲਾ ਨਹੀਂ ਪਿਆ।

ਸੰਨ ੧੮੪੨ ਈਸਵੀ ਤਕ ਸਿੰਘਾਂ ਤੇ ਪਠਾਣਾਂ ਦੀ ਤਲਵਾਰੀ ਖਹਿਮਖਹਿ ਹੁੰਦੀ ਰਹੀ, ਪਰ ਕੀ ਮਜਾਲ ਜੋ ਫਿਰ ਕਦੀ ਇੰਜ ਵੰਗਾਰਨ ਦਾ ਕਿਸੇ ਨੂੰ ਸੁਪਨਾ ਵੀ ਆਇਆ ਹੋਵੇ।

### ਅਹਿਮਦਸ਼ਾਹ ਦਾ ਸਰਹੰਦ ਉਤੇ ਕਬਜ਼ਾ–

ਅਹਿਮਦਸ਼ਾਹ ਨੇ ਦੁਆਬੇ ਵਿਚ ਦੀ ਲੰਘ ਕੇ ੧ ਮਾਰਚ ੧੭੪੮ ਈਸਵੀ ਨੂੰ ਸਤਲੁਜ ਦਰਿਆ ਪਾਰ ਕੀਤਾ ਤੇ ੪੦ ਮੀਲ (੬੫ ਕਿ: ਮੀ:) ਦਾ ਪੰਧ ਮਾਰ ਕੇ ਦੂਸਰੇ ਦਿਨ ਸਰਹੰਦ ਆ ਪੁਜਾ। ਅਗੋਂ ਕੋਈ ਟਾਕਰਾ ਕਰਨ ਵਾਲਾ ਨਹੀਂ ਸੀ, ਸਹਿਜੇ ਹੀ ਸਰਹੰਦ ਉਤੇ ਉਸ ਨੇ ਕਬਜ਼ਾ ਕਰ ਲਿਆ। ਵਜ਼ੀਰ ਕਮਰੁੱਦੀਨ ਦਾ ਮਾਲ ਅਸਬਾਬ, ਖਜ਼ਾਨਾ ਤੇ ਉਸ ਦਾ ਟੱਬਰ-ਟੀਹਰ ਦੁਰਾਨੀ ਦੇ ਹੱਥ ਆ ਗਿਆ। ਸਬੱਬ ਇਹ ਬਣਿਆ ਕਿ ਦੁਰਾਨੀ ਦਾ ਟਾਕਰਾ ਕਰਨ ਆਈ ਮੁਗਲ ਫੌਜ ਦਾ ਮੋਹਰੀ ਦਿੱਲੀ ਦਾ ਵੱਡਾ ਵਜ਼ੀਰ ਕਮਰੁੱਦੀਨ ਬਹੁਤ ਪਹਿਲਾਂ ਸਰਹੰਦ ਆ ਪਹੁੰਚਾ ਸੀ, ਜਦ ਕਿ ਅਹਿਮਦਸ਼ਾਹ ਅਜੇ ਦੁਆਬੇ ਵਿਚ ਹੀ ਸੀ। ਉਹ ਆਪਣਾ ਵਾਧੂ ਸਾਮਾਨ ਇਥੇ ਛਡ ਕੇ ਦੁਰਾਨੀ ਫੌਜ ਨੂੰ ਰੋਕਣ ਲਈ ਮਾਛੀਵਾੜੇ ਨੂੰ ਤੁਰ ਗਿਆ ਸੀ। ਅਹਿਮਦਸ਼ਾਹ ਨੂੰ ਸੂਹ ਮਿਲ ਗਈ ਸੀ ਕਿ ਉਸ ਦਾ ਦਰਿਆ ਟਪਦੇ ਦਾ ਹੀ ਰਸਤਾ ਰੋਕਿਆ ਜਾਵੇਗਾ। ਸੋ ਉਹ ਮਾਛੀਵਾੜੇ ਦੇ ਪਤਣ ਵਲ ਜਾਣ ਦੀ ਬਜਾਏ ਲੁਧਿਆਣੇ ਲਾਗੋਂ ਗਾਹਣ ਰਾਹੀਂ ਦਰਿਆ ਪਾਰ ਕਰਕੇ ੨ ਮਾਰਚ ੧੭੪੮ ਨੂੰ ਰਵਾਂ ਰਵੀ ਜਾਕੇ ਸਰਹੰਦ ਕਿਲ੍ਹੇ ਤੇ ਸ਼ਹਿਰ ਉਤੇ ਕਾਬਜ਼ ਹੋ ਗਿਆ। ਕਿਲ੍ਹੇ ਵਿਚ ਜੋ ਹਿਫਾਜ਼ਤੀ ਦਸਤਾ ਕਮਰੁੱਦੀਨ ਪਿਛੇ ਛਡ ਗਿਆ ਸੀ, ਉਹ ਉਸ ਨੇ ਤਲਵਾਰ ਦੇ ਘਾਟ ਉਤਾਰ ਦਿਤਾ। ਅਹਿਮਦਸ਼ਾਹ ਨੇ ਸਖਤ ਹੁਕਮ ਦਿਤਾ ਕਿ ਉਸ ਦੇ ਕੰਪੂ ਤੇ ਇਸ ਦੇ ਆਸ ਪਾਸ ਦੂਰ ਤਕ ਕੋਈ ਵੀ ਹਿੰਦੁਸਤਾਨੀ ਜ਼ਿੰਦਾ ਨਾ ਛਡਿਆ ਜਾਵੇ। ਕਈ ਅਮੀਰ ਤੇ ਹੋਰ ਮੁਗਲ ਸਰਕਾਰ ਦੇ ਖੈਰ-ਖ਼ਾਹ ਜੋ ਸਰਕਾਰ ਲਈ ਕੋਈ ਸੂਹ ਲੈਣ ਜਾਂ ਡਿਠ ਵੇਖਣ ਗਏ ਸਨ ਜਿਉਂਦੇ ਵਾਪਸ ਨਾ ਪਰਤੇ।

ਸਰਹੰਦ ਉਤੇ ਕਬਜ਼ੇ ਦੀ ਖਬਰ ਪੁਜਣ ਤੇ ਵਜ਼ੀਰ ਕਮਰੁੱਦੀਨ, ਸ਼ਹਿਜ਼ਾਦਾ ਅਹਿਮਦ ਤੇ ਵਜ਼ੀਰ ਦਾ ਪੁਤਰ ਮੀਰ ਮੁਈਨੁਦੀਨ (ਪ੍ਰਸਿਧ ਮੀਰ ਮਨੂੰ) ਸਣੇ ਫੌਜ ਦੇ ਕੂਚ ਕਰਕੇ ਤੇਜ਼ੀ ਨਾਲ ਸਰਹੰਦ ਵਲ ਆਏ ਤੇ ਸਰਹੰਦੋਂ ਚੜ੍ਹਦੇ ਵਿਚ ੮ ਕੁ ਮੀਲ ਦੇ ਫਾਸਲੇ ਤੇ ਪਿੰਡ ਮਾਨੂ ਪੁਰ ਕੋਲ ਆ ਡੇਰੇ ਲਾਏ।

### ਮਾਨੂ ਪੁਰ ਦੀ ਲੜਾਈ ਵਿਚ ਦੁਰਾਨੀਆਂ ਦੀ ਹਾਰ–

ਦਿੱਲੀ ਦੀ ਮੁਗਲ ਫੌਜ ਦੇ ਆਉਂਦਿਆਂ ਸਾਰ ਛੋਟੀਆਂ ਮੋਟੀਆਂ ਝੜਪਾਂ ਦੁਰਾਨੀਆਂ ਨਾਲ ਹੋਣੀਆਂ ਸ਼ੁਰੂ ਹੋ ਗਈਆਂ ਸਨ। ਪਰ ਗਹਿ ਗੱਚ ਲੜਾਈ ੧੧ ਮਾਰਚ ੧੭੪੮ ਈ: ਵਾਲੇ ਦਿਨ ਆਰੰਭ ਹੋਈ। ਦੁਪਹਿਰ ਦੀ ਨਮਾਜ਼ ਵੇਲੇ ਕਮਰੁੱਦੀਨ ਨੂੰ ਦੁਰਾਨੀ ਤੋਪਖ਼ਾਨੇ ਦਾ ਇਕ ਗੋਲਾ ਆ ਵੱਜਾ ਜਿਸ ਨਾਲ ਉਹ ਬੁਰੀ ਤਰ੍ਹਾਂ ਘਾਇਲ ਹੋ ਗਿਆ। ਪਰ ਮਰਨ ਤੋਂ ਪਹਿਲਾਂ ਉਸ ਨੇ ਆਪਣੇ ਪੁਤਰ ਮੀਰ ਮੁਈਨੁਦੀਨ ਨੂੰ ਕਿਹਾ, "ਮੇਰਾ ਕੰਮ ਤਮਾਮ ਹੋ ਗਿਆ ਹੈ, ਮੇਰਾ ਅੰਤ ਸਮਝੋ। ਬਾਦਸ਼ਾਹ ਵਲੋਂ ਜੋ ਫਰਜ਼ ਆਪਣੇ ਸਿਰ ਹੈ ਉਹ ਅਦਾ ਨਹੀਂ ਹੋਇਆ। ਵੇਖੀਂ ਮੇਰੇ ਬਾਰੇ ਬਾਹਰ


www.AKJ.Org

ਸੁਧਿਕ ਨਾ ਨਿਕਲੇ ਤੇ ਤੂੰ ਘੋੜੇ ਤੇ ਸਵਾਰ ਹੋ ਕੇ ਮੋਹਰੇ ਲੱਗ ਕੇ ਹੱਲਾ ਕਰਵਾ। ਗਲ ਕਿਸੇ ਪਾਸੇ ਲਾ ਕੇ ਫੇਰ ਮੇਰੀ ਖਬਰ ਸਾਰ ਲੈ ਲਵੀਂ।"੨ ਗਲ ਸਾਫ ਸੀ ਕਿ ਵਜ਼ੀਰ ਦੀ ਮੌਤ ਦੀ ਖਬਰ ਫੌਜ ਵਿਚ ਉਨਾਂ ਚਿਰ ਨਾ ਜਾਵੇ ਜਿਨਾਂ ਚਿਰ ਲੜਾਈ ਜਿਤੀ ਨਹੀਂ ਜਾਂਦੀ। ਮਨੂੰ ਨੇ ਪਿਉ ਦੀ ਲੋਥ ਨੂੰ ਸਰਹਾਣਿਆਂ ਦਾ ਸਹਾਰਾ ਦੇ ਕੇ ਬੈਠੀ ਹੋਈ ਹਾਲਤ ਵਿਚ ਦਿਸਦਾ ਕਰਕੇ ਹਾਥੀ ਉਤੇ ਰਖ ਦਿਤਾ। ਫਿਰ ਉਸ ਨੇ ਅਗਵਾਈ ਕਰਕੇ ਦੁਰਾਨੀਆਂ ਉਤੇ ਏਡੇ ਜ਼ੋਰ ਦਾ ਹੱਲਾ ਕੀਤਾ ਕਿ ਉਹਨਾਂ ਨੂੰ ਸੰਭਲਣਾ ਔਖਾ ਹੋ ਗਿਆ। ਦੁਰਾਨੀ ਫੌਜ ਦੇ ਪੈਰ ਉਖੜਦੇ ਉਖੜਦੇ ਸੰਭਲੇ ਤੇ ਲੜਾਈ ਇਕ ਵ ਰ ਫਿਰ ਸਿਖਰ ਦੀ ਮਘ ਪਈ। ਦੁਰਾਨੀਆਂ ਦਾ ਪੈਂਤੜਾ ਚੰਗਾ ਜੰਮ ਗਿਆ ਸੀ ਜਦ ਉਹਨਾਂ ਦੇ ਮੰਦਿਆਂ ਭਾਗਾਂ ਨੂੰ ਅੱਗ ਦੀ ਇਕ ਚੰਗਿਆੜੀ ਉਡਕੇ ਬਾਰੂਦ ਦੇ ਰਾਕਟਾਂ ਨਾਲ ਭਰੇ ਹੋਏ ਇਕ ਗੱਡੇ ਵਿਚ ਆਣ ਡਿਗੀ ਜਿਹੜੇ ਗੱਡੇ ਦੁਰਾਨੀ ਲਾਹੌਰੋਂ ਫੜ ਕੇ ਲਿਆਏ ਸਨ। ਇਸ ਨਾਲ ਉਹ ਰਾਕਟ ਚਲਣ ਲੱਗ ਪਏ ਜਿਸ ਨਾਲ ਹੋਰ ਗੱਡਿਆਂ ਵਿਚ ਵੀ ਅੱਗ ਜਾ ਲੱਗੀ ਤੇ ਇਸ ਤਰ੍ਹਾਂ ਹਜ਼ਾਰਾਂ ਰਾਕਟ ਆਸਮਾਨ ਵਿਚ ਉੱਡ ਉੱਡ ਕੇ ਚਲਣ ਲੱਗ ਪਏ। ੧੦੦੦ ਦੁਰਾਨੀ ਤਾਂ ਥਾਂ ਤੇ ਹੀ ਮਰ ਗਏ। ਇਹ ਰਾਕਟ ਉਡਣ ਵੇਲੇ ਸ਼ ਸ਼ ਸ਼ਾ ਸ਼ਾਕੂ ਸ਼ਾਕੂ! ਸ਼ਾਕੂ... (ਬਾਦਸ਼ਾਹ ਕਿਥੇ ਹੈ? ਬਾਦਸ਼ਾਹ ਕਿਥੇ ਹੈ— —) ਦੀ ਆਵਾਜ਼ ਦੇਂਦੇ ਸਨ।੩

ਵਹਿਮ ਦੇ ਮਾਰਿਆਂ ਪਠਾਣਾਂ ਸਮਝਿਆ ਕਿ ਇਹ ਕੋਈ ਬਲਾ ਹੈ ਜੋ ਹਿੰਦੁਸਤਾਨ ਤੋਂ ਆਈ ਹੈ ਤੇ ਕਹਿ ਰਹੀ ਹੈ ਕਿ ਬਾਦਸ਼ਾਹ ਕਿਥੇ ਹੈ? ਬਾਦਸ਼ਾਹ ਕਿਥੇ ਹੈ? ਅਤੇ ਬਾਦਸ਼ਾਹ (ਅਹਿਮਦਸ਼ਾਹ) ਨੂੰ ਲਭ ਰਹੀ ਹੈ। ਇਸ ਵਹਿਮ ਨਾਲ, ਕਿ ਜਿਹੜੀ ਬਲਾ ਬਾਦਸ਼ਾਹ ਨੂੰ ਲੱਭਦੀ ਫਿਰਦੀ ਹੈ, ਉਹ ਉਹਨਾਂ ਨੂੰ ਕਦ ਛਡਣ ਲਗੀ ਹੈ। ਦੁਰਾਨੀਆਂ ਦੀਆਂ ਸਫਾਂ ਵਿਚ ਭਗਦੜ ਮੱਚ ਗਈ ਤੇ ਜਾਨਾਂ ਬਚਾਉਣ ਲਈ ਉਹ ਸਾਰੀਂ ਪਾਸੀਂ ਨੱਠ ਉਠੇ। ਇਸ ਵੇਲੇ ਉਤੋਂ ਮੁਗਲ ਫੌਜ ਦੇ ਸਰਦਾਰ ਸਫਦਰ ਜੰਗ ਦੇ ਪੈ-ਦਰ-ਪੈ ਹੱਲਿਆਂ ਨੇ ਦੁਰਾਨੀਆਂ ਨੂੰ ਮੈਦਾਨੋਂ ਐਸਾ ਉਖੇੜਿਆ ਕਿ ਫਿਰ ਉਨ੍ਹਾਂ ਦੇ ਪੈਰ ਲਗਣੇ ਔਖੇ ਹੋ ਗਏ। ਅਹਿਮਦਸ਼ਾਹ ਨੂੰ ਇਸ ਨਤੀਜੇ ਦੀ ਉਮੀਦ ਨਹੀਂ ਸੀ। ਨਿਰਾਸ ਹੋ ਕੇ ਸਰਹੰਦ ਨੂੰ ਮੁੜ ਗਿਆ।

ਸਰਹੰਦ ਜਾ ਕੇ ਹੁਣ ਉਸ ਨੇ ਸੁਲ੍ਹਾ ਲਈ ਜਤਨ ਆਰੰਭੇ, ਪਰ ਜਿੱਤੀ ਹੋਈ ਮੁਗਲ ਫੌਜ ਦੇ ਆਗੂ ਸ਼ਹਿਜ਼ਾਦਾ ਅਹਿਮਦ ਨੇ ਉਸ ਦੀ ਇਕ ਵੀ ਗੱਲ ਨਾ ਮੰਨੀ। ਇਸ ਹਾਲਤ ਵਿਚ ਅਹਿਮਦ ਸ਼ਾਹ ਪਾਸ ਆਪਣੇ ਦੇਸ਼ ਨੂੰ ਮੁੜ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੁਗਲ ਫੌਜ ਨੇ ਅਗੇ ਵਧ ਕੇ ਨਿਸਲ ਹੋ ਚੁਕੀ ਦੁਰਾਨੀ ਫੌਜ ਤੇ ਕਾਰੀ ਸੱਟ ਮਾਰ ਕੇ ਉਸ ਨੂੰ ਪੂਰੀ ਤਰ੍ਹਾਂ ਬਰਬਾਦ ਕਰਨ ਦੀ ਥਾਂ ਆਪਣੇ ਕੈਂਪ ਵਿਚ ਹੀ ਅਗਲੇ ਚਾਰ ਪੰਜ ਦਿਨ ਅਰਾਮ ਕੀਤਾ। ਏਨੇ ਦਿਨ ਅਹਿਮਦਸ਼ਾਹ ਵੀ ਸਰਹੰਦ ਹੀ ਰੁਕਿਆ ਰਿਹਾ। ੧੭ ਮਾਰਚ ੧੭੪੮ ਈ: ਨੂੰ ਉਸ ਨੇ ਸਰਹੰਦੋਂ ਅੰਤਮ ਕੂਚ ਕੀਤਾ। ਲਾਹੌਰ ਆ ਕੇ ਬਿਨਾਂ ਠਹਿਰਨ ਤੋਂ ਅੱਗੇ ਕੰਧਾਰ ਨੂੰ ਤੁਰ ਗਿਆ। ਪੰਜਾਬ ਦਾ ਸੂਬਾ ਫਿਰ ਮੁਗਲ ਹਕੂਮਤ ਦੇ ਝੰਡੇ ਥਲੇ ਆ ਗਿਆ।

## ਸਿੰਘਾਂ ਅਟਕ ਤਕ ਦੁਰਾਨੀ ਨੂੰ ਦਬੱ ਲਿਆ—

ਅਹਿਮਦ ਸ਼ਾਹ ਜਦ ਲਾਹੌਰੋਂ ਤੁਰਿਆ ਤਾਂ ਚੜ੍ਹਤ ਸਿੰਘ ਵੀ ਖਬਰ ਪਾ ਕੇ ਮਗਰ ਲਗ ਪਿਆ। ਉਸ ਨੂੰ ਦੁਰਾਨੀਆਂ ਨੂੰ ਸੁਕ-ਮਾਂਜ ਕਰਨ ਦਾ ਤੇ ਵਹੀਰ ਲੁਟਣ ਦਾ ਚੰਗਾ ਮੌਕਾ ਹੱਥ ਲੱਗ ਗਿਆ। ਚਨਾਬ ਦਰਿਆ ਪਾਰ ਕਰ ਰਹੀ ਦੁਰਾਨੀ ਫੌਜ ਤੇ ਉਸ ਨੇ ਹੱਲਾ ਬੋਲ ਦਿਤਾ। ਹਾਰ ਖਾ ਕੇ ਵਾਹੋ ਦਾਹੀ ਮੁੜੀ ਜਾਂਦੀ ਫੌਜ ਨੂੰ ਬਚ ਨਿਕਲਣ ਦੀ ਕਾਹਲ ਸੀ ਸੋ ਬਹੁਤ ਸਾਰਾ ਆਪਣਾ ਮਾਲ ਅਸਬਾਬ ਤੇ ਚੰਗੇ ਚੰਗੇ ਘੋੜੇ ਖੁਹਾ ਕੇ ਦਰਿਆ ਟੱਪ ਗਏ। ਖੱਬੇ ਕੰਢੇ ਤੇ ਲੁਟਿਆ ਸਾਰਾ ਮਾਲ ਅਸਬਾਬ ਸਮੇਟ ਕੇ ਚੜ੍ਹਤ ਸਿੰਘ ਦਰਿਆ ਟੱਪ ਕੇ ਦੁਰਾਨੀਆਂ ਨੂੰ ਅਟਕ ਤਕ ਦੱਬੀ ਗਿਆ ਤੇ ਉਹਨਾਂ ਨੂੰ ਬੁਰੀ ਤਰ੍ਹਾਂ ਘਰਕਾ ਸੁੱਟਿਆ। ਇਸ ਦੇ ਦੋ ਫਾਇਦੇ ਹੋਏ। ਇਕ ਤਾਂ ਜਾਂਦੀ ਵਾਰੀ ਦੁਮ ਦਬਾ ਕੇ ਭਜੇ ਜਾਂਦੇ ਦੁਰਾਨੀ ਰਾਹ ਵਿਚ ਕਿਧਰੇ ਲੁਟ ਮਾਰ ਨਾ ਕਰ ਸਕੇ ਤੇ ਦੇਸ ਉਹਨਾਂ ਦੇ ਹਥੋਂ ਉਜੜਨ ਤੋਂ ਬਚ ਗਿਆ। ਦੂਸਰਾ ਸਰਦਾਰ ਚੜ੍ਹਤ ਸਿੰਘ ਦੀ ਬਹਾਦਰੀ ਤੇ ਦਲੇਰੀ ਦਾ ਰੁਅਬ ਇਸ ਸਾਰੇ ਇਲਾਕੇ ਤੇ ਛਾ ਗਿਆ।੪



www.AKJ.Org

## ਨੂਰਪੁਰ ਦੇ ਰਾਜੇ ਨੇ ਸਿੰਘਾਂ ਦੀ ਅਧੀਨਗੀ ਮੰਨ ਲਈ–

ਕਲਾਨੌਰ ਕੋਟ ਬੁਢੇ ਪਾਸ ਸਿੰਘਾਂ ਨਾਲ ਹੋਈ ਝੜਪ ਪਿਛੋਂ ਦੁਰਾਨੀ ਫੌਜ ਲਾਹੌਰ ਨੂੰ ਮੁੜ ਗਈ। ਸਿਖ ਸਰਦਾਰ ਸੁਖਾ ਸਿੰਘ, ਚੜ੍ਹਤ ਸਿੰਘ, ਹਰੀ ਸਿੰਘ, ਜੇ ਸਿੰਘ ਕਾਨ੍ਹੀਆਂ ਆਦਿ ਪਠਾਨਕੋਟ ਵਲ ਨੂੰ ਹੋ ਤੁਰੇ। ਰਸਤੇ ਵਿਚ ਲਖਪਤ ਰਾਏ ਦੇ ਹਮਾਇਤੀਆਂ ਨੂੰ ਸੋਧਦੇ ਹੋਏ ਪਠਾਨਕੋਟ ਦੇ ਚੜ੍ਹਦੇ ਵਿਚ ਨੂਰਪੁਰ ਜਾ ਪੁਜੇ। ਨੂਰਪੁਰ ਦਾ ਰਾਜਾ ਸਿੰਘਾਂ ਦਾ ਲਾਮ ਲਸ਼ਕਰ ਵੇਖ ਕੇ ਬਹੁਤ ਭੈ ਭੀਤ ਹੋ ਗਿਆ। ਲੜਨ ਦੀ ਥਾਂ ਈਨ ਮੰਨ ਕੇ ਲੰਗਰ ਲਈ ਮਾਇਆ ਦੇ ਗੜ੍ਹੇ ਭੇਟ ਕਰ ਕੇ ਸਿੰਘਾਂ ਨਾਲ ਦੋਸਤਾਨਾ ਗੰਢ ਲਿਆ।

## ਰਾਜਾ ਗੁਰਦਿਤ ਮੱਲ ਨੂੰ ਕਰੜੀ ਹਾਰ–

ਇਸ ਵੇਲੇ ਪਹਾੜ ਦੀ ਕੰਢੀ ਦਾ ਫੌਜਦਾਰ ਗੁਰਦਿਤ ਮਲ ਸੀ। ਲਖਪਤ ਰਾਏ ਨੇ ਗੁਰਦਿਤ ਮਲ ਨੂੰ ਸਿੰਘਾਂ ਉਤੇ ਹੱਲਾ ਕਰਨ ਲਈ ਪਹਿਲਾਂ ਹੀ ਹੁਕਮ ਭੇਜਿਆ ਹੋਇਆ ਸੀ। ਲਖਪਤ ਰਾਏ ਨੇ ਪੰਜਾਬ ਦੇ ਸਾਰੇ ਹੀ ਫੌਜਦਾਰਾਂ ਨੂੰ ਇਹ ਹੁਕਮ ਦਿੱਤਾ ਹੋਇਆ ਸੀ, ਕਿ ਜਿਸ ਦੇ ਵੀ ਇਲਾਕੇ ਵਿਚ ਸਿੰਘ ਆਉਣ, ਉਹ ਫੌਜਦਾਰ ਆਸਿਉ ਪਾਸਿਉਂ ਸਹਾਇਤਾ ਇਕਠੀ ਕਰਕੇ ਸਿੰਘਾਂ ਉਤੇ ਹਲੇ ਕਰੇ, ਮਾਰ ਦੇਵੇ ਜਾਂ ਫੜ ਕੇ ਲਾਹੌਰ ਪਹੁੰਚਾ ਦੇਵੇ, ਤੇ ਆਪਣੇ ਇਲਾਕੇ ਵਿਚ ਕਿਧਰੇ ਟਿਕਣ ਨਾ ਦੇਵੇ, ਇੰਜ ਉਸ ਨੇ ਸਿੰਘਾਂ ਵਿਰੁਧ ਇਕ ਕਰੜਾ ਕਾਨੂੰਨ ਬੰਨ੍ਹਿਆ ਹੋਇਆ ਸੀ। ਇਹ ਫੌਜਦਾਰ ਸਿੰਘਾਂ ਵਿਰੁਧ ਪੂਰੀ ਤਿਆਰੀ ਵਿਚ ਬੈਠਾ ਹੋਇਆ ਸੀ। ਸਦਰਾ ਬਦਰਾ ਪਿੰਡ ਲਾਗੇ ਦੋਹਾਂ ਦਲਾਂ ਦੀ ਮੁਠ ਭਿੜ ਹੋ ਗਈ। ਰਾਜਾ ਗੁਰਦਿਤ ਮਲ ਪਾਸ ਆਪਣੀ ੫ ਹਜ਼ਾਰ ਸਵਾਰ ਤੇ ੭ ਹਜ਼ਾਰ ਪਿਆਦਾ ਫੌਜ ਤੋਂ ਬਿਨਾਂ ਰਣਜੀਤ ਦੇਵ ਜਮੂੰਵਾਲੀਏ, ਜਸਰੋਟੀਏ ਅਤੇ ਮਾਣਕੋਟੀਏ ਡੋਗਰਿਆਂ ਦੀਆਂ ਫੌਜਾਂ ਵੀ ਨਾਲ ਸਨ। ਸਿੰਘ ਕੁਲ ਮਿਲਾ ਕੇ ਦੋ ਕੁ ਹਜ਼ਾਰ ਦੋ ਏੜ ਗੇੜ ਸਨ। ਲੜਾਈ ਬੰਦੂਕਾਂ ਨਾਲ ਆਰੰਭ ਹੋਈ। ਸਿੰਘਾਂ ਉਤੇ ਦਬਾ ਵਧਦਾ ਵੇਖ ਕੇ ਹਰੀ ਸਿੰਘ ਨੇ ਕਿਹਾ ਕਿ ਨਿਰੇ ਰਾਮ ਜਗਿਆਂ ਨਾਲ ਪੂਰਾ ਟਾਕਰਾ ਨਹੀਂ ਹੋਣਾ, ਤੇਗਾਂ ਸੂਤ ਕੇ ਵੈਰੀ ਦੀਆਂ ਕਤਾਰਾਂ ਵਿਚ ਘੁਸ ਜਾਉ। ਸਾਰਿਆਂ ਸਰਦਾਰਾਂ ਗੁਰਮਤਾ ਕਰਕੇ ਹਥੋ ਹਥ ਤਲਵਾਰ ਦੀ ਲੜਾਈ ਦੀ ਧਾਰ ਲਈ। ਹੁਣ ਉਹ ਬੰਦੂਕਾਂ ਦੀਆਂ ਵਾੜਾਂ ਝਾੜਦੇ ਹੋਏ ਹੌਲੀ ਹੌਲੀ ਚੀਤਾ-ਚਾਲ ਨਾਲ ਅਗੇ ਨੂੰ ਵਧੀ ਗਏ। ਤੇ ਜਦ ਵਾਹਵਾ ਲਾਗੇ ਪਹੁੰਚ ਗਏ ਤਾਂ ਫਿਰ ਏਕਾ ਏਕ ਹੱਲਾ ਕਰ ਕੇ ਉਨ੍ਹਾਂ ਵਿਚ ਰਲ ਗਏ ਤੇ ਤੇਗਾਂ ਨਾਲ ਗੱਭੇ ਵਾਢ ਆਰੰਭ ਕਰ ਦਿਤੀ। ਇਹ ੨੦ ਕੁ ਹਜ਼ਾਰ ਡੋਗਰੇ ਲੜਾਕੂ ਸਿੰਘਾਂ ਦੀ ਤੇਗ ਦੀ ਕਾਟ ਅੱਗੇ ਟਿਕ ਨਾ ਸਕੇ। ਆਪਣੇ ਕਾਫ਼ੀ ਬੰਦੇ ਮਰਵਾ ਤੇ ਘਾਇਲ ਕਰਵਾ ਕੇ ਜਾਨਾਂ ਬਚਾਉਣ ਲਈ ਜਿਧਰ ਕਿਸੇ ਨੂੰ ਰਾਹ ਲਭਾ ਹਵਾ ਹੋ ਗਏ। ਬਹੁਤ ਸਾਰਿਆਂ ਹਥਿਆਰ ਸੁਟ ਮੂੰਹਾਂ ਵਿਚ ਘਾਹ ਲੈ "ਅਸੀਂ ਖਾਲਸੇ ਦੀ ਗਊ! ਅਸੀਂ ਖਾਲਸੇ ਦੀ ਗਊ!" ਕੂਕ ਕੂਕ ਕੇ ਜਾਨਾਂ ਬਚਾ ਲਈਆਂ। ਰਾਜਾ ਗੁਰਦਿਤ ਮੱਲ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਨਿਕਲ ਸਕਿਆ ਤੇ ਬਿਨਾਂ ਅੱਗਾ ਪਿਛਾ ਡਿਠੇ ਜੰਮੂ ਵਲ ਭੱਜਾ ਤੇ ਉਥੇ ਹੀ ਜਾ ਕੇ ਦਮ ਲਿਆ। ਸਿੰਘਾਂ ਨੇ ਉਸ ਦਾ ਡੇਰਾ ਲੁਟ ਲਿਆ। ਵਧੀਆ ਘੋੜੇ ਤੇ ਸ਼ਸਤਰ ਕਾਬੂ ਕਰ ਲਏ। ਇਹ ਘਟਨਾ ਮਾਰਚ ਸੰਨ ੧੭੪੮ ਦੇ ਦੂਜ ਹਫਤੇ ਦੀ ਹੈ ਜਦ ਕਿ ਅਹਿਮਦਸ਼ਾਹ ਦੁਰਾਨੀ ਨੂੰ ਮਾਣੂਪੁਰ ਦੀ ਲੜਾਈ ਵਿਚ ਹਾਰ ਹੋ ਗਈ ਸੀ ਅਤੇ ਉਹ ਅਫਗਾਨਿਸਤਾਨ ਨੂੰ ਵਾਪਸ ਮੁੜਨ ਦੀਆਂ ਤਿਆਰੀਆਂ ਕਰ ਰਿਹਾ ਸੀ।੫

## ਸਿੰਘਾਂ ਦੀ ਆਦੀਨਾ ਬੇਗ ਨਾਲ ਟੱਕਰ–

ਗੁਰਦਿਤ ਮਲ ਦੇ ਇਲਾਕੇ ਦੀ ਸਫਾਈ ਕਰ ਕੇ ਸਿੰਘ ਪਹਾੜ ਦੀ ਕੰਢੀ ਦੇ ਨਾਲ ਨਾਲ ਅਨੰਦਪੁਰ ਸਾਹਿਬ ਨੂੰ ਆ ਗਏ। ਇਸ ਵਾਰ ੪-੫ ਮਾਰਚ ਨੂੰ ਹੋਲੇ-ਮਹਲੇ ਦਾ ਮੇਲਾ ਸੀ। ਉਸ ਮੌਕੇ ਸਿੰਘ ਹਾਜ਼ਰ ਨਹੀਂ ਸਨ ਹੋ ਸਕੇ। ਇਸ ਲਈ ਹੁਣ ਗੁਰ ਅਸਥਾਨਾਂ ਦੇ ਦਰਸ਼ਨ ਕਰਦੇ ਹੋਏ ਦੁਆਬੇ ਵਿਚ ਆ ਗਏ। ਇਸ ਵੇਲੇ ਆਦੀਨਾ ਬੇਗ ਜੋ ਜ਼ਾਤ ਦਾ ਅਰਾਈਂ ਤੇ ਸ਼ਰਕਪੁਰ ਪੱਟੀ (ਲਾਹੌਰ) ਦਾ ਰਹਿਣ ਵਾਲਾ ਸੀ, ਬਿਸਤ ਦੁਆਬੇ ਦਾ ਫ਼ੌਜਦਾਰ ਸੀ। ਦੁਆਬੇ ਦਾ ਪ੍ਰਬੰਧ ਕਰਨ ਲਈ ਇਹ ਆਮ ਤੌਰ ਤੇ ਹੁਸ਼ਿਆਰ ਪੁਰ ਲਾਗੇ ਬਜਵਾੜੇ ਜਾਂ ਖਾਨਪੁਰ (ਹਰਦੋ ਖਾਨਪੁਰ) ਰਿਹਾ ਕਰਦਾ ਸੀ। ਅਹਿਮਦਸ਼ਾਹ ਜਦ ਮਾਣੂੰ ਪੁਰ ਦੀ ਲੜਾਈ ਵਿਚ ਹਾਰ ਖਾ ਕੇ ਵਾਪਸ ਆਪਣੇ ਦੇਸ ਨੂੰ ਮੁੜ ਗਿਆ ਤਾਂ



www.AKJ.Org

ਆਦੀਨਾ ਬੇਗ, ਮੀਰ ਮਨੂੰ ਤੇ ਸ਼ਹਿਜ਼ਾਦਾ ਅਹਿਮਦ ਪਾਸੋਂ ਛੁਟੀ ਲੈ ਕੇ ਹੁਸ਼ਿਆਰਪੁਰ ਨੂੰ ਮੁੜਿਆ ਹੀ ਸੀ ਕਿ ਸਿੰਘਾਂ ਨਾਲ ਟਾਕਰਾ ਹੋ ਗਿਆ। ਇਸ ਨੂੰ ਵੀ ਹੋਰਨਾਂ ਫੌਜਦਾਰਾਂ ਵਾਂਗ ਸਿੰਘਾਂ ਵਿਰੁਧ ਕਰੜੀ ਕਾਰਵਾਈ ਕਰਨ ਦਾ ਹੁਕਮ ਪੁਜਾ ਹੋਇਆ ਸੀ। ਪਰ ਇਹ ਆਦੀਨਾ ਬੇਗ ਬੜਾ ਚਤੁਰ ਤੇ ਗੁੜ੍ਹਿਆ ਹੋਇਆ ਆਦਮੀ ਸੀ। ਉਹ ਸਿੰਘਾਂ ਦੀ ਤਾਕਤ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਤੇ ਉਹਨਾਂ ਨਾਲ ਖਾਹ-ਮੁਖਾਹ ਵੈਰ ਸਹੇੜਨਾ ਨਹੀਂ ਸੀ ਚਾਹੁੰਦਾ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਿੰਘਾਂ ਦਾ ਖੜਕਾ ਦੜਕਾ ਕਰਕੇ ਹੀ ਉਸਦੀ ਸਰਦਾਰੀ ਬਣੀ ਹੋਈ ਹੈ। ਆਦੀਨਾ ਬੇਗ ਮੁਗਲ ਸਰਕਾਰ ਦੇ ਦਿਲ ਵਿਚ ਸਿੰਘਾਂ ਦਾ ਹਊਆ ਬਣਿਆ ਰਖਣਾ ਚਾਹੁੰਦਾ ਸੀ। ਦੂਜੀ ਗੱਲ ਇਹ ਵੀ ਸੀ ਕਿ ਇਹ ਇਲਾਕਾ ਗਸ਼ਤੀ ਫੌਜਾਂ ਦੇ ਫੇਰੇ ਤੋਰੇ ਤੋਂ ਬਾਹਰ ਸੀ। ਫੌਜਾਂ ਇਸ ਪਾਸੇ ਬਹੁਤ ਹੀ ਘੱਟ ਆਉਂਦੀਆਂ ਸਨ। ਇਸ ਕਰਕੇ ਸਰਕਾਰੀ ਅਫਸਰਾਂ ਨੇ ਇੱਧਰ ਸਿੰਘਾਂ ਉਤੇ ਘੱਟ ਹੀ ਵਧੀਕੀਆਂ ਕੀਤੀਆਂ ਸਨ ਤੇ ਸਿੰਘ ਵੀ ਇਨ੍ਹਾਂ ਨਾਲ ਕੋਈ ਬਹੁਤਾ ਵੈਰ ਵਿਰੋਧ ਜਾਂ ਅੱਕਰ ਨਹੀਂ ਸਨ ਰਖਦੇ। ਇਸ ਇਲਾਕੇ ਵਿਚ ਸਿੰਘਾਂ ਵਲੋਂ ਲੁਟ ਮਾਰ ਦੀਆਂ ਕੋਈ ਸ਼ਕਾਇਤਾਂ ਨਹੀਂ ਸਨ ਪੁਜਦੀਆਂ। ਇਸ ਲਈ ਲਾਹੌਰ ਸਰਕਾਰ ਦੇ ਮਨ ਵਿਚ ਇਹ ਪੱਕਾ ਭਰਮ ਬਣਿਆ ਹੋਇਆ ਸੀ ਕਿ ਇਸ ਇਲਾਕੇ ਵਿਚ ਸਿਰਫ਼ ਆਦੀਨਾ ਬੇਗ ਹੀ ਅਮਨ ਚੈਨ ਕਾਇਮ ਰਖ ਸਕਦਾ ਹੈ। ਉਪਰਲੀ ਝੜਪ ਦਾ ਕੋਈ ਦੋ ਟੁੱਕ ਫੈਸਲਾ ਨਾ ਹੋ ਸਕਿਆ। ਦੋਵੇਂ ਧਿਰਾਂ ਹੀ ਪਿਛੇ ਹੱਟ ਗਈਆਂ। ਆਦੀਨਾ ਬੇਗ ਆਪਣੇ ਡੇਰੇ ਖਾਨਪੁਰ ਨੂੰ ਚਲਾ ਗਿਆ, ਜੋ ਹੁਸ਼ਿਆਰਪੁਰੋਂ ਉੱਤਰ ਲਹਿੰਦੇ ਵਿਚ ਨਾਲ ਹੀ ਸੀ। ਸਿੰਘ ਦੁਆਬੇ ਵਿਚ ਦੀ ਵਿਚਰਦੇ ਹੋਏ ਸ੍ਰੀ ਅੰਮ੍ਰਿਤਸਰ ਨੂੰ ਚਲੇ ਗਏ। ਇਹ ਵਾਕਿਆ ਮਾਰਚ ਸੰਨ ੧੭੪੮ ਦੇ ਤੀਸਰੇ ਹਫਤੇ ਦਾ ਹੈ। ਅਹਿਮਦਸ਼ਾਹ ਅਫਗਾਨਿਸਤਾਨ ਨੂੰ ਮੁੜਿਆ ਜਾ ਰਿਹਾ ਲਾਹੌਰ ਦੇ ਕਿਤੇ ਲਾਗੇ ਚਾਗੇ ਹੀ ਹੋਵੇਗਾ। ਸਿੰਘਾਂ ਨੇ ਇਸ ਵੇਲੇ ਤਕ ਦੁਆਬੇ, ਰਿਆੜਕੀ ਅਤੇ ਮਾਝੇ ਵਿਚ ਹਥ ਮਾਰ ਕੇ ਵਾਹਵਾ ਸਾਜ਼ੋ ਸਾਮਾਨ, ਸ਼ਸਤਰ ਅਤੇ ਘੋੜੇ ਕਾਬੂ ਕਰ ਲਏ ਤੇ ਆਪਣੀ ਕਾਫ਼ੀ ਤਾਕਤ ਬਣਾ ਲਈ। (ਚਲਦਾ)

## ਹਵਾਲੇ ਤੇ ਫ਼ੁਟ-ਨੋਟ (੭)

੧ ਸ: ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼—ਸਫ਼ਾ ੨੫੦-੫੫, ਦੂਸਰੀ ਛਾਪ ਦਸੰਬਰ ੧੯੬੨, ਪਹਿਲੀ ਛਾਪ—੩੦੫—੧੧

੨ ਅਨੰਦਰਾਮ—ਤਾਰੀਖ਼-ਏ-ਅਨੰਦਰਾਮ ਮੁਖ਼ਲਿਸ, ਸਫ਼ਾ—੩੪੭
ਡਾ: ਹਰੀ ਰਾਮ ਗੁਪਤਾ—ਹਿਸਟਰੀ ਆਫ ਦੀ ਸਿਖਸ II. ਸਫ਼ਾ ੮੪—੮੫—੮੬

੩ ਤਾਰੀਖ਼-ਏ-ਮੁਜ਼ਫਰੀ ਸਫ਼ਾ ੪੨੭
ਅਨੰਦਰਾਮ—ਤਾਰੀਖ਼-ਏ-ਅਨੰਦਰਾਮ ਮੁਖ਼ਲਿਸ ੨੮੩—੮੪
ਤਾਰੀਖ਼-ਏ-ਸੁਲਤਾਨੀ—੧੨੭
ਇਮਾਮੁਦੀਨੁਲ੍ਹਹ ਸੈਨੀ—ਤਾਰੀਖ਼-ਏ-ਹੁਸੈਨੀ ਸ਼ਾਹੀ ੨੨—੩

ਇਸ ਲਿਖਾਰੀ ਅਨੁਸਾਰ ਬੇਧਿਆਨੀ ਨਾਲ ਅਫਗਾਨਾਂ ਨੇ ਆਪ ਹੀ ਇਨ੍ਹਾਂ ਰਾਕਟਾਂ ਨੂੰ ਅੱਗ ਲਾ ਦਿਤੀ ਸੀ। ਸ਼ਾਇਦ ਉਹ ਇਨ੍ਹਾਂ ਨੂੰ ਦੁਸ਼ਮਣ ਦੀ ਸਫਾਂ ਵਿਚ ਸੁਟਣਾ ਚਾਹੁੰਦੇ ਹੋਣ। ਜਦ ਅਫਰਾ ਤਫਰੀ ਮਚੀ ਤਾਂ ਦੁਰਾਨੀ ਚਾਰ ਚੁਫੇਰੇ ਇਹ ਕਹਿੰਦੇ ਭਜ ਉਠੇ।

"ਈਂ ਬਲਾਇ ਅਸਤ ਕਿ ਅਜ਼ ਹਿੰਦੁਸਤਾਨ ਆਮਦਹ
ਸ਼ਾਕੂ ਸ਼ਾਕੂ ਮੀਗੋਇਦ ਵ ਸ਼ਾਹ ਰਾਮੀ ਜੋਇਦ।"

ਅਰਥਾਤ : ਇਹ ਕੋਈ ਬਲਾ ਹੈ ਜੋ ਹਿੰਦੁਸਤਾਨ ਤੋਂ ਆਈ ਹੈ ਅਤੇ ਕਹਿ ਰਹੀ ਹੈ ਕਿ ਬਾਦਸ਼ਾਹ ਕਿਥੇ ਹੈ ? ਬਾਦਸ਼ਾਹ ਕਿਥੇ ਹੈ ? ਅਤੇ ਬਾਦਸ਼ਾਹ (ਅਹਿਮਦਸ਼ਾਹ) ਨੂੰ ਟੋਲ ਰਹੀ ਹੈ।

੪ ਸੋਹਨ ਲਾਲ ਸੂਰੀ—ਉਮਦਾਤੁ-ਤਵਾਰੀਖ਼, ਦਫਤਰ ਪਹਿਲਾ, ਸਫ਼ਾ ੧੨੭

੫ ਜੱਸਾ ਸਿੰਘ ਬਿਨੋਦ—ਲਿਖਤੀ (ਉਰਦੂ) ਸਫ਼ਾ ੭—੮



www.AKJ.Org

# ਇਸ਼ਕ ਦੀ ਖੇਡ

[ ਸ: ਵਿਧਾਤਾ ਸਿੰਘ ਜੀ 'ਤੀਰ' ]

ਕਿਸੇ ਤਿੰਨ ਕਾਲਾਂ ਅੰਦਰ ਵੇਖਿਆ ਨਹੀਂ, ਮੇਰੀ ਅੱਖ ਨੇ ਜਿਹੜਾ ਕਮਾਲ ਤੱਕਿਆ।
ਨੈਣਾਂ ਵਿਚ ਮਸਤੀ, ਮਸਤੀ ਵਿਚ ਹਸਤੀ, ਹਸਤੀ ਵਿਚ ਇਕ ਰੱਬੀ ਜਲਾਲ ਤੱਕਿਆ।
ਉਸ ਰੱਬੀ ਜਲਾਲ ਦੀ ਅੱਖ ਅੰਦਰ, ਮੈਂ ਖ਼ੁਮਾਰ ਤੱਕਿਆ ਤੇ ਗੁਲਾਲ ਤੱਕਿਆ।
ਉਦ੍ਹੇ ਨੈਣਾਂ ਦੇ ਗੂੜ੍ਹੇ ਗੁਲਾਲ ਅੰਦਰ, ਇਸ਼ਕ ਵੇਖਿਆ ਪਰ ਮਸਤ-ਹਾਲ ਤੱਕਿਆ।
ਤੱਕੀ ਅਜਬ ਲਾਹੌਰ ਦੇ ਵਿਚ ਹੋਲੀ, ਨਚਦਾ ਇਸ਼ਕ ਤੱਕਿਆ, ਲਾਲੋ ਲਾਲ ਤੱਕਿਆ।
ਅੱਗ ਖੇਡਦੀ ਇਸ਼ਕ ਦੇ ਨਾਲ ਵੇਖੀ, ਇਸ਼ਕ ਖੇਡਦਾ ਅੱਗ ਦੇ ਨਾਲ ਤੱਕਿਆ।

ਕਰੇ ਅੱਗ ਪਰਦੱਖਣਾ ਇਸ਼ਕ ਦੀ ਹੀ, ਗੀਤ ਅੱਗ ਵਿਚ ਗਾਂਵਦਾ ਇਸ਼ਕ ਡਿੱਠਾ।
ਨਾਚ ਰਲ ਕੇ ਕਰਨ ਮੁਟਿਆਰ ਲਾਟਾਂ, ਨਾਲ ਭੰਗੜਾ ਪਾਂਵਦਾ ਇਸ਼ਕ ਡਿੱਠਾ।
ਅੱਗ ਇਸ਼ਕ ਦੀ ਆਰਤੀ ਕਰੀ ਜਾਵੇ, ਮਸਤੀ ਵਿਚ ਮੁਸਕਾਂਵਦਾ ਇਸ਼ਕ ਡਿੱਠਾ।
ਹਾਰੇ ਅੱਗ ਨਾ ਆਪਣੇ ਜੋਸ਼ ਅੰਦਰ, ਉਧਰ ਹਾਰ ਨਾ ਖਾਂਵਦਾ ਇਸ਼ਕ ਡਿੱਠਾ।
ਇਧਰ ਅੱਗ ਨੂੰ ਲੋੜ੍ਹੇ ਦੀ ਚੜ੍ਹੀ ਲਾਲੀ, ਚਿਹਰਾ ਇਸ਼ਕ ਦਾ ਵੀ ਲਾਲੋ ਲਾਲ ਤੱਕਿਆ।
ਖੇਡਣ ਫੁਲ-ਕਲੀਆਂ ਨਾਲ ਭੌਰ ਆਸ਼ਕ, ਇਸ਼ਕ ਖੇਡਦਾ ਪਰ ਅੱਗ ਦੇ ਨਾਲ ਤੱਕਿਆ।

ਅੱਗ ਇਸ਼ਕ ਦੇ ਲਗ ਕੇ ਗਲ ਰੋਵੇ, ਇਸ਼ਕ ਬੁਲ੍ਹੀਆਂ ਵਿਚੋਂ ਮੁਸਕਾਈ ਜਾਵੇ।
ਅੱਗ ਪਈ ਤੜਫੇ, ਇਸ਼ਕ ਮਸਤ ਬੈਠਾ, ਅੱਗ ਭਰੇ ਹੌਕੇ, ਇਸ਼ਕ ਗਾਈ ਜਾਵੇ।
ਅੱਗ ਪਾਈ ਜਾਵੇ ਮਾਲਾ ਛਾਲਿਆਂ ਦੀ, ਇਸ਼ਕ ਉਸ ਮਾਲਾ ਨੂੰ ਹੰਢਾਈ ਜਾਵੇ।
ਅੱਗ ਲੂੰ ਲੂੰ ਨੂੰ ਸਾੜੀ-ਤਾਈ ਜਾਵੇ, ਇਸ਼ਕ ਪਾ ਪਾ ਠੰਢ ਠੰਢਿਆਈ ਜਾਵੇ।
ਅੱਗ ਨਾਚ ਕਰਦੀ ਵੇਖੀ ਹੈ ਨੰਗੀ, ਇਸ਼ਕ ਨੱਚਦੀ ਨੂੰ ਦੇਂਦਾ ਤਾਲ ਤੱਕਿਆ।
ਸੂਰਜ ਸਹਿਮਿਆ ਚੰਦ ਨੂੰ ਡੋਬ ਪੈ ਗਈ, ਇਸ਼ਕ ਖੇਡਦਾ ਜਾਂ ਅੱਗ ਦੇ ਨਾਲ ਤੱਕਿਆ।

ਅੱਗ ਇਸ਼ਕ ਦੇ ਚੁੰਮਦੀ ਚਰਨ ਵੇਖੀ, ਇਸ਼ਕ ਅੱਗ ਮਹਿੰਦੀ ਲਾਂਦਾ ਵੇਖਿਆ ਮੈਂ।
ਅੱਗ ਇਸ਼ਕ ਦੀ, ਲਗ ਗਈ ਅੱਗ ਨੂੰ ਵੀ, ਇਸ਼ਕ ਠੰਢ ਉਸ ਨੂੰ ਪਾਂਦਾ ਵੇਖਿਆ ਮੈਂ।
ਅੱਗ ਇਸ਼ਕ ਨੂੰ ਰਾਹ ਤੋਂ ਰੋਕ ਰਹੀ ਸੀ, ਇਸ਼ਕ ਅੱਗ ਉਤੇ ਜਾਂਦਾ ਵੇਖਿਆ ਮੈਂ।
ਸੁੱਚੇ ਇਸ਼ਕ ਨੂੰ ਅੱਗ ਦੀ ਖੇਡ ਅੰਦਰ, ਬਾਜ਼ੀ ਸਿਰ-ਧੜ ਦੀ ਲਾਂਦਾ ਵੇਖਿਆ ਮੈਂ।
ਵੇਖੋ ਹਾਰਿਆ ਨਹੀਂ ਭੜਕੀ ਅੱਗ ਅਗੇ, ਇਸ਼ਕ ਆਸ਼ਕੀ ਦਾ ਅੰਗਪਾਲ ਤੱਕਿਆ।
'ਤੀਰ' ਤਵੀ ਤੇ ਅਰਜਨ ਦੇ ਰੂਪ ਅੰਦਰ, ਇਸ਼ਕ ਖੇਡਦਾ ਅੱਗ ਦੇ ਨਾਲ ਤੱਕਿਆ।

[ 'ਭਿੰਨੀ ਰੈਨੜੀਏ' ਪੁਸਤਕ 'ਚੋਂ

---

## ਸੂਰਾ–ਮਈ ੧੯੮੭

ਸਫਾ ੩੬ — ਇਕ ਅਸ਼ੁੱਧੀ ਦੀ ਸੋਧ

.... ਸ਼ਾਹ ਨਿਵਾਜ਼ ਨੇ ਅਹਿਮਦਸ਼ਾਹ ਦੁਰਾਨੀ ਨੂੰ ਹਿੰਦੁਸਤਾਨ ਉਤੇ ਚੜ੍ਹ ਆਉਣ ਲਈ ਸੱਦ ਭੇਜਿਆ, ਜਿਸ ਨੇ ਆਪਣੇ ਆਕਾ ਨਾਦਰਸ਼ਾਹ ਨੂੰ ੮–੯ ਜੂਨ ੧੭੪੭ ਦੀ ਵਿਚਕਾਰਲੀ ਰਾਤ ਨੂੰ ਕਤਲ ਕਰ ਦਿਤਾ ਸੀ ਤੇ ਉਸ ਦੇ ਪਿਛੋਂ ਆਪ ਆਜ਼ਾਦ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣ ਬੈਠਾ।

ਸ਼ੁਧ : .....ਆਉਣ ਲਈ ਸੱਦ ਭੇਜਿਆ ਸੀ, ਜੋ ਆਪਣੇ ਆਕਾ ਨਾਦਰਸ਼ਾਹ, ਜਿਸ ਨੂੰ ੮- ੯ ਜੂਨ ੧੭੪੭ ਦੀ ਵਿਚਕਾਰਲੀ ਰਾਤ ਨੂੰ ਸਾਜ਼ਸ਼ੀਆਂ ਵਲੋਂ ਕਤਲ ਕਰ ਦਿਤਾ ਗਿਆ ਸੀ, ਦੇ ਪਿਛੋਂ ਆਪ ਅਜ਼ਾਦ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣ ਬੈਠਾ ਸੀ।

www.AKJ.Org

# ਸਿੰਘ-ਨਾਦ

[ ਗਿ: ਗੋਪਾਲ ਸਿੰਘ 'ਮਿੱਤਰ' ]

ਕਲਗੀ ਵਾਲੇ ਦੇ ਸਿੰਘ ਹਾਂ ਅਸੀਂ, ਸਾਨੂੰ ਕੁਈ ਪਿਆਰ ਦੀ ਗੱਲ ਤਾਂ ਕਰ ਵੇਖੇ।
ਝਾਤ ਮਾਰ ਪਹਿਲੇ ਆਪਣੇ ਦਿਲ ਅੰਦਰ, ਚੌਖਟ ਲੰਘ ਸਾਡਾ ਹਿਰਦਾ-ਘਰ ਵੇਖੇ।
ਮਿੱਠਤ ਅਤੇ ਮੁਹੱਬਤ ਮਿਲਵਰਤਣੀ ਦੀ, ਕਲਗੀ ਵਾਲੇ ਨੇ ਸਾਨੂੰ ਹੈ ਪਾਣ ਲਾਈ।
ਜਾਨ ਵਾਰਨੇ ਤਕ ਵੀ ਪਹੁੰਚਦੇ ਹਾਂ, ਗ਼ੈਰ ਸਿਖ ਹੀ ਆ ਜੇ ਬਣੇ ਭਾਈ।
ਸਾਰੇ ਜੀਵਾਂ ਵਿਚ ਰੱਬ ਦੀ ਜੋਤਿ ਇਕੋ, ਇਕੋ ਜਿਹੀ ਹੀ ਜਿੰਦ ਤੇ ਜਾਨ ਹੈ ਜੀ।
"ਏਕੁ ਪਿਤਾ ਏਕਸ ਕੇ ਹਮ ਬਾਰਿਕ" ਰੱਬੀ ਬਾਣੀ ਦਾ ਇਹੀ ਫ਼ੁਰਮਾਨ ਹੈ ਜੀ।
ਅਸੀਂ ਏਸੇ ਨਿਸ਼ਾਨੇ ਤੇ ਤੁਰੇ ਆਏ, ਤੁਰੇ ਰਵ੍ਹਾਂਗੇ ਜਦੋਂ ਤਕ ਦਮ ਰਹਿਣੈ।
ਬੁਰੇ ਨਾਲ ਵੀ ਸਦਾ ਈ ਭਲਾ ਕਰਨਾ, ਇਹੋ ਰਿਹੈ ਤੇ ਸਦਾ ਇਹ ਕੰਮ ਰਹਿਣੈ।
ਅਸੀਂ ਪਿਆਰ ਤੋਂ ਜਿੰਦੜੀ ਵਾਰਦੇ ਹਾਂ, ਐਪਰ ਅੱਖ ਨਹੀਂ ਕਿਸੇ ਨੂੰ ਚੁਕਣ ਦੇਂਦੇ।
ਜਾਗ ਬੀਰਤਾ ਦੀ ਜੋ ਦਸਮੇਸ਼ ਲਾਈ, ਅਸੀਂ ਓਸ ਨੂੰ ਕਦੀ ਨਹੀਂ ਮੁਕਣ ਦੇਂਦੇ।
ਅਸੀਂ ਜ਼ਾਲਮ ਨੂੰ ਸਦਾ ਈ ਦੰਡ ਦੇਂਦੇ, ਆਏ ਸਾਰਾ ਸੰਸਾਰ ਇਹ ਜਾਣਦਾ ਏ।
ਸਾਡੀ ਸ਼ੇਰ ਦੀ ਖ਼ੂ ਨੂੰ ਜੱਗ ਸਾਰਾ, ਗਜ਼ਨੀ ਕਾਬਲ ਕੰਧਾਰ ਪਹਿਚਾਣਦਾ ਏ।
ਜਦੋਂ ਜਦੋਂ ਵੀ ਕੋਈ ਸੱਫ਼ਾਕ ਆਇਐ, ਅਸੀਂ ਜਾਨਾਂ ਦੀ ਨਹੀਂ ਪਰਵਾਹ ਕੀਤੀ।
ਉਸ ਨੂੰ ਫਲ ਚਖਾਇਐ ਰਣ-ਖੇਡ ਅੰਦਰ, ਉਹਦੀ ਹੈਂਕੜ ਮਗਰੂਰੀ ਤਬਾਹ ਕੀਤੀ।
ਪੁੱਛ ਲੋ 'ਪਿਸ਼ਾਵਰ' ਦੀ ਧਰਤ ਕੋਲੋਂ ਜਾਂ ਫਿਰ 'ਕਾਬਲ' ਦਾ ਕੋਈ ਪਠਾਣ ਪੁਛ ਲੋ।
ਪੁੱਛ ਲੋ 'ਅਬਦਾਲੀ' ਔਲਾਦ ਕੋਲੋਂ, 'ਨਾਦਰ-ਪੁੱਤ' ਰੁਹੇਲਾ ਅਫਗ਼ਾਨ ਪੁੱਛ ਲੋ।
ਜੋ ਵੀ ਅੜ ਗਿਆ, ਝੜ ਗਿਆ ਪਲਾਂ ਅੰਦਰ, ਅਸੀਂ ਲੋਥਾਂ ਦੇ ਲਾ ਸਥਾਰ ਦਿੱਤੇ।
ਅਸੀਂ 'ਖ਼ੈਬਰ' 'ਬੋਲਾਨ' ਦੇ ਦੱਰਿਆਂ ਨੂੰ, ਜਾਨਾਂ ਵਾਰ ਕੇ ਜੰਦਰੇ ਮਾਰ ਦਿੱਤੇ।
ਅਤਿਆਚਾਰੀ 'ਹਲਾਕੂ' 'ਚੰਗੇਜ਼' ਵਰਗੇ, ਧੱਕੇ ਮਾਰ ਕੱਢੇ ਹਿੰਦੁਸਤਾਨ ਵਿਚੋਂ।
ਅਸੀਂ ਲਹੂ ਦੇ ਨਾਲ ਇਤਿਹਾਸ ਲਿਖਿਆ, ਪੜ੍ਹ ਲਉ ਹਿਸਟਰੀ ਦੀ ਦਾਸਤਾਨ ਵਿਚੋਂ।
ਨਾਲ ਡੰਕੇ ਦੀ ਚੋਟ ਦੇ ਆਖਦੇ ਹਾਂ, ਸਾਡੇ ਨਾਲ ਨਾ ਦੁਸ਼ਮਣੀ ਪਾਏ ਕੋਈ।
ਰਾਜਨੀਤੀ ਤੇ ਧਰਮ ਨੂੰ ਕਰੋ ਵਖਰੇ, ਇੰਜ ਆਖ ਨਾ ਟੰਗ ਅੜਾਏ ਕੋਈ।
ਧਰਮ ਯੁਗ ਇਨਸਾਫ਼ ਪਸੰਦਗੀ ਦਾ, ਬਿਨਾਂ ਧੁਰੇ ਹੋ ਜਾਂਦੀ ਉਲਾਰ ਗੱਡੀ।
ਕਹਿਰ ਉਪਜਦਾ ਓਦੋਂ ਹੀ ਸੀਨਿਆਂ ਵਿਚ, ਝੱਲ ਸਕੇ ਨਾ ਸਿਆਸਤ ਦਾ ਭਾਰ ਗੱਡੀ।
ਰਾਜਨੀਤੀ ਜੋ ਧਰਮ ਤੋਂ ਸੱਖਣੀ ਏ, ਅਸੀਂ ਉਸ ਨੂੰ ਨਹੀਂ ਪਰਵਾਨ ਕਰਦੇ।
ਸਾਡੇ ਬਾਬਿਆਂ ਸਾਨੂੰ ਜੋ ਸਬਕ ਦਿੱਤਾ, ਅਸੀਂ ਉਸ ਨੂੰ ਸਾਫ਼ ਬਿਆਨ ਕਰਦੇ।
ਤਿਰਛੀ ਅੱਖ ਜੇ ਸਾਡੇ ਵਲ ਕਿਸੇ ਵੇਖੀ, ਬੁਝਿਆ ਓਸ ਦਾ ਦੀਵਾ ਜਹਾਨ ਉੱਤੋਂ।
'ਮਿੱਤਰ' ਪਿਆਰ ਗਲਵਕੜੀ ਪਾਈ ਜਿਸ ਨੇ, ਜਾਨ ਵਾਰਾਂਗੇ ਉਸ ਦੀ ਜਾਨ ਉੱਤੋਂ।

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਜਦੋਂ ਵੇਖੋ, ਉਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ ਜੀ। ਨਹੀਂ ਤਾਂ ਆਪ ਦਾ ਪਰਚਾ ਬੰਦ ਹੋ ਜਾਵੇਗਾ।

(੩) ਜੇ ਪਰਚਾ ੧੫ ਤਰੀਕ ਤਕ ਨਾ ਪੁਜੇ, ਗੁੰਮ ਗਿਆ ਸਮਝੋ। ਫਿਰ ਹੋਰ ਪਰਚਾ ਭੇਜਣ ਲਈ ਕਾਰਡ ਲਿਖੋ ਜੀ।

www.AKJ.Org

# ਸ਼ਹੀਦ ਭਾਈ ਮਤੀ ਦਾਸ

[ ਸ: ਅਤਰ ਸਿੰਘ ਜੀ 'ਨੀਰ' HP 110, ਪੀਤਮ ਪੁਰਾ, ਦਿੱਲੀ ]

ਜ਼ਿਲਾ ਜੇਹਲਮ ਤੇ ਪਿੰਡ ਕੜਿਆਲਾ, ਮਤੀ ਦਾਸ ਦਾ ਹੋਇਆ ਉਜਾਲਾ।
ਨਾਮ ਪਿਤਾ ਸੀ ਭਾਈ ਪਰਾਗਾ, ਕਰਮਾਂ ਵਾਲਾ ਬੜਾ ਸੁਭਾਗਾ।
ਛੇਵੇਂ ਗੁਰ ਦੀ ਫੌਜ 'ਚ ਆਹਲਾ, ਜਥੇਦਾਰ ਸੀ ਬਖਤਾਂ ਵਾਲਾ।
ਮਤੀ ਦਾਸ ਵੀ ਗੁਰੂ ਸਵਾਰੇ, ਨਾਵੇਂ ਗੁਰੂ ਦੇ ਆਏ ਦੁਆਰੇ।
ਅਰਪਨ ਕੀਤਾ ਜੀਵਨ ਸਾਰਾ, ਹੋਰ ਨ ਰਖਿਆ ਕੋਈ ਸਹਾਰਾ।
ਬਾਂਹ ਫੜੇ ਦੀ ਲਾਜ ਬਚਾਵਨ, ਸਤਿਗੁਰ ਤੇਗ ਬਹਾਦਰ ਪਾਵਨ।
ਲੈ ਕੇ ਸ਼ੀਸ ਦੀ ਭੇਟ ਅਮੁੱਲੀ, ਚਾਂਦਨੀ ਚੌਕ 'ਚ ਪਹੁੰਚੇ ਦਿੱਲੀ।
ਭਾਈ ਉਦੇ, ਤੇ ਭਾਈ ਜੈਤਾ, ਭਾਈ ਦਯਾਲਾ ਭਾਈ ਗੁਰਦਿਤਾ।
ਮਤੀ ਦਾਸ ਵੀ ਹੈ ਸੀ ਨਾਲ, ਕੁਰਬਾਨੀ ਦੀ ਜੋਤ ਵਿਸ਼ਾਲ।
ਦੀਨ ਮੁਹੰਮਦੀ ਸ਼ਰ੍ਹਾ ਦੀ ਫਾਹੀ, ਔਰੰਗਜ਼ੇਬ ਦਾ ਹੁਕਮ ਸ਼ਾਹੀ।
ਮੋੜ ਨ ਸਕਿਆ ਹੋੜ ਨ ਸਕਿਆ, ਸਿਖੀ ਨਾਤਾ ਤੋੜ ਨ ਸਕਿਆ।
ਕਾਜ਼ੀ ਕਹਿਆ ਦੀਨ ਨੁਬੀ ਦਾ, ਕਲਮਾ ਸੋਮਾ ਫ਼ਜ਼ਲ ਰੱਬੀ ਦੀ।
ਪੜ੍ਹ ਕੇ ਧਾਰੋ ਮੁਸਲਮਾਨੀ, ਮਿਲਣ ਹੂਰਾਂ ਬਹਿਸ਼ਤ ਰਬਾਨੀ।
ਹਾਂ ਦੇ ਅੰਦਰ ਠਾਠ ਸ਼ਹਾਨਾ, ਨਾਂਹ ਵਿਚ ਕੈਹਰ ਗ਼ਜ਼ਬ ਤੁਰਕਾਨਾ।
ਮਤੀ ਦਾਸ ਜੀ ਸੁਣ ਕੇ ਬੋਲੇ, ਸੁਣ ਓਏ ਕਾਜ਼ੀ ਅੰਨ੍ਹੇ ਬੋਲੇ।
ਦੀਨ ਸਿਖਾਂਦਾ ਨਹੀਂ ਇਹ ਕਾਰਾ, ਨਾ ਹੀ ਇਹ ਸ਼ਰ੍ਹਾ ਦੀ ਧਾਰਾ।
ਜ਼ਾਲਮ ਕਦੇ ਨ ਫਲਦੇ ਕਾਜ਼ੀ, ਐਸੇ ਦੋਜ਼ਖ਼ ਜਲਦੇ ਕਾਜ਼ੀ।
ਸਿਖੀ ਅੰਦਰ ਪਿਆਰ ਹੈ ਮਿਲਦਾ, ਸਚਾ ਪਰਵਰਦਗਾਰ ਹੈ ਮਿਲਦਾ।
ਨਾ ਕੋਈ ਛਲ ਕਪਟ ਨ ਧੋਖਾ, ਸਾਫ ਸਰਲ ਤੇ ਰਸਤਾ ਸੌਖਾ।
ਨਿਕਾ ਵਡਾ ਜਾਤ ਕੁਜਾਤੀ, ਸਚੇ ਰੱਬ ਦੀ ਹੈ ਉਤਪਾਤੀ।
ਨਹੀਂ ਕੋਈ ਮਾੜਾ ਨਹੀਂ ਕੋਈ ਚੰਗਾ, ਇਕ ਬਰਾਬਰ ਜ਼ਮਜ਼ਮ ਗੰਗਾ।
ਭੈ ਨਹੀਂ ਦੇਣਾ ਭੈ ਨਹੀਂ ਖਾਣਾ, ਨਾ ਕੋ ਬੈਰੀ ਨਹੀਂ ਬਿਗਾਨਾ।
ਸਿਖੀ ਦਾ ਅਧਾਰ ਇਹੀ ਹੈ, ਸਿਖੀ ਦਾ ਪਰਚਾਰ ਇਹੀ ਹੈ।
ਫੁਲਾਂ ਨਾਲ ਫੁਲਵਾੜੀ ਬਣਦੀ, ਸਿਖੀ ਨਾਲ ਸਰਦਾਰੀ ਬਣਦੀ।
ਬਦੀ ਦੇ ਉਤੇ ਸਦਾ ਭਲਾਈ, ਜਿਤ ਪਰਾਪਤ ਕਰਦੀ ਆਈ।
ਧੱਕਾ ਜ਼ੋਰ ਸਦਾ ਨ ਚੱਲੇ, ਅੰਤ ਜ਼ੁਲਮ ਸਿਰ ਪੈਂਦੇ ਥਲੇ।
ਕਾਜ਼ੀ ਆਖੇ ਮਤੀ ਦਾਸ, ਹੁਣ ਵੀ ਛੱਡ ਦੇ ਗੁਰੂ ਦਾ ਪਾਸ।
ਐਸ਼ ਦੇ ਸਭ ਸਾਮਾਨ ਮਿਲਣਗੇ, ਰਾਜ ਸਤਾ ਦੇ ਮਾਣ ਮਿਲਣਗੇ।
ਨਹੀਂ ਤੇ ਰੱਖ ਕੇ ਸਿਰ ਤੇ ਆਰਾ, ਚੀਰ ਦਿਆਂਗੇ ਜੁੱਸਾ ਸਾਰਾ।
ਮਤੀ ਦਾਸ ਕਹੇ ਸੁਣ ਜਨੂਨੀ, ਰੱਬ ਫਕੀਰ ਨ ਮੰਨਣ ਖ਼ੂਨੀ।
ਅੰਨ੍ਹਾਂ ਸੁੰਦਰ ਰੂਪ ਨ ਮਾਣੇ, ਕੇਸਰ ਗੰਧ ਨ ਖੋਤਾ ਜਾਣੇ।
ਪੰਨੇ, ਲਾਲ, ਜਵਾਹਰ ਹੀਰੇ, ਮੂਲ ਨ ਜਾਨਣ ਮੂਰਖ ਕੀਰੇ।



www.AKJ.Org

ਪਾਣੀ ਬਿਨਾਂ ਨ ਜੀਵੇ ਮਛੀ, ਪਤੀ ਬਿਨਾ ਨਹੀਂ ਤੀਵੀਂ ਅੱਛੀ।
ਇਸੇ ਤਰ੍ਹਾਂ ਹੀ ਗੁਰੂ ਪਿਆਰਾ, ਸਿਖ ਦੇ ਲਈ ਹੈ ਜੀਵਨ ਸਾਰਾ।
ਗੁਰੂ ਮੇਰੇ ਦੀ ਅਜ਼ਮਤ ਉੱਚੀ, ਗੁਰੂ ਮੇਰੇ ਦੀ ਰਹਿਮਤ ਸੁੱਚੀ।
ਦੀਨ ਹੀਨ ਦੀ ਬਾਂਹ ਸਦਾ ਹੈ, ਨਿਥਾਵਿਆਂ ਦੇ ਲਈ ਥਾਂ ਸਦਾ ਹੈ।
ਤਕ ਮਜ਼ਲੂਮ ਦੇ ਹੰਝੂ ਖਾਰੇ, ਫੁਲਾਂ ਵਾਂਗੂ ਜਿੰਦੜੀ ਵਾਰੇ।
ਜਿਸਦਾ ਜੱਗ ਵਿਚ ਕੋਈ ਨਹੀਂ ਹੈ, ਜਿਸ ਨੂੰ ਕਿਧਰੇ ਢੋਈ ਨਹੀਂ ਹੈ।
ਜਿਸਦਾ ਨਹੀਂ ਕੋਈ ਅੱਗਾ ਪਿਛਾ, ਸਭਨਾਂ ਦੀ ਹੈ ਕਰਦਾ ਰਿਛਾ।
ਐਸੇ ਗੁਰ ਤੋਂ ਹਾਂ ਬਲਿਹਾਰੀ, ਸਦਕੇ ਵਾਰੀ ਸੌ ਸੌ ਵਾਰੀ।
ਕਰ ਲੈ ਹੁਣ ਤੂ ਆਪਣਾ ਚਾਰਾ, ਰਖ ਦੇ ਸਿਰ ਤੇ ਬੇਸ਼ਕ ਆਰਾ।
ਗੁਰ ਅਪਣੇ ਤੋਂ ਪਹਿਲਾਂ ਜਾਵਾਂ, ਹੋਰ ਨ ਮੰਗਾਂ ਹੋਰ ਨ ਚਾਹਵਾਂ।
ਸੁਣ ਕੇ ਮੁੜ ਇਹ ਆਖੇ ਕਾਜ਼ੀ. ਅਜੇ ਵੀ ਹੋ ਜਾ ਮਿਤਰਾ ਰਾਜ਼ੀ।
ਹੁਣ ਵੀ ਸਮਝ ਅਜੇ ਹੈ ਵੇਲਾ, ਛੱਡ ਦੇ ਗੁਰੂ ਦਾ ਸੰਗ ਸੁਹੇਲਾ।
ਨਹੀਂ ਤੇ ਚੀਰ ਕੇ ਵਾਂਗ ਸ਼ਤੀਰਾਂ, ਕਰ ਦੇਵਾਂਗੇ ਲੀਰਾਂ ਲੀਰਾਂ।
ਇਹ ਸੁਣ ਮਤੀ ਦਾਸ ਨੇ ਕਹਿਆ, ਚੰਨ ਦੇ ਬਾਝ ਨ ਚਾਨਣ ਰਹਿਆ।
ਕਰ ਲੈ ਸਭ ਜੋ ਤੈਨੂੰ ਭਾਵੇ, ਮੇਰੇ ਤਨ ਦਾ ਲੂੰ ਲੂੰ ਗਾਵੇ।
ਜਿੰਦ ਜਾਨ ਤੋਂ ਪਿਆਰੀ ਸਿਖੀ, ਗੁਰੂ ਨਾਲ ਸ਼ਿੰਗਾਰੀ ਸਿਖੀ।
ਨ ਕੋਈ ਚਰਖੀ ਨ ਕੋਈ ਸੂਲੀ, ਨ ਕੋਈ ਤੇਰੀ ਮਾਰ ਵਿਹੂਲੀ।
ਸਿਖੀ ਸਿਦਕ ਉਖਾੜ ਹੈ ਸਕਦੀ, ਗੁਰੂ ਦੇ ਦਰ ਤੋਂ ਤਾੜ ਹੈ ਸਕਦੀ।
ਸਿਖ ਗੁਰੂ ਦੀ ਇਹ ਕੁਰਬਾਨੀ, ਮੁਗਲ ਰਾਜ ਦੇ ਕਫ਼ਨ 'ਚ ਕਾਨੀ।
ਨਾਮ ਨਿਸ਼ਾਨ ਨ ਰਹਿਸੀ ਜੱਗ ਤੇ, ਸੁਕਾ ਘਾਹ ਜਿਉਂ ਬਲਦੀ ਅੱਗ ਤੇ।
ਕਾਜ਼ੀ ਦੇ ਮਨ ਛਾਈ ਉਦਾਸੀ, ਆਖੇ ਹੱਸ ਕੇ ਕੂੜੀ ਹਾਸੀ।
ਇਸ ਤੋਂ ਪਹਿਲਾਂ ਕਿ ਚੀਰਿਆ ਜਾਵੇਂ, ਮੰਗ ਲੈ ਆਖਰ ਖਾਹਸ਼ ਜੋ ਚਾਹਵੇਂ।
ਕੁਝ ਦੱਮ ਦਾ ਹੈਂ ਤੂ ਪਰਾਹੁਣਾ, ਇੱਲਾਂ ਕੁੱਤਿਆਂ ਤੈਨੂੰ ਖਾਣਾ।
ਮਤੀ ਦਾਸ ਜੀ ਖਿੜ ਕੇ ਆਖੇ, ਮੇਰੇ ਦਮ ਦੇ ਸਤਿਗੁਰ ਰਾਖੇ।
ਦਮ ਦਮ ਮੈਨੂੰ ਉਹਦੀਆਂ ਤਾਂਘਾਂ, ਉਸ ਬਿਨ ਸੀਨੇ ਰੜਕਣ ਸਾਂਗਾਂ।
ਮੋੜ ਦੇ ਪਿੰਜਰਾ ਉਤ ਵਲ ਪਿਆਰੇ, ਮਿਠੇ ਮਿਠੇ ਲੈ ਹੁਲਾਰੇ।
ਗੀਤ ਮਾਹੀ ਦੇ ਗਾਂਦਾ ਜਾਵਾਂ, ਦਰਸ਼ਨ ਉਸਦੇ ਪਾਂਦਾ ਜਾਵਾਂ।
ਇਕ ਇਹ ਮੇਰਾ ਸੁਆਸ ਇਕੱਲਾ, ਪਾਵੇ ਉਸ ਦਾ ਦਰਸ ਸੁਵੱਲਾ।
ਅੰਤ ਦੀ ਮੇਰੀ ਚਾਹ ਇਹੋ ਹੈ, ਮਨ ਦੇ ਵਿਚ ਉਮਾਹ ਇਹੋ ਹੈ।
ਭੇੜਿਆ ਪਿੰਜਰਾ ਚੀਕਾਂ ਪਾਂਦਾ, ਕੋਹਲੂ ਜਿਵੇਂ ਬੈਲ ਚਲਾਂਦਾ।
ਆਰਾ ਚਲਿਆ ਸਰ ਸਰ ਕਰਕੇ, ਲਹੂ ਵਗਿਆ ਫਰ ਫਰ ਕਰਕੇ।
ਵਗੀਆਂ ਧਾਰਾਂ ਵਾਂਗ ਫੁਹਾਰੇ, ਉਂਗਲਾਂ ਟੁਕ ਟੁਕ ਵੇਖਣ ਸਾਰੇ।
ਜਿਉਂ ਜਿਉਂ ਆਰਾ ਚਲੇ ਤ੍ਰਿਖਾ, ਲੋਕੀ ਆਖਣ ਬੱਲੇ ਸਿਖਾ।
ਜਿਗਰਾ ਖੂਬ ਕਮਾਲ ਹੈ ਤੇਰਾ, ਮਥੇ ਖੂਬ ਜਲਾਲ ਹੈ ਤੇਰਾ।
ਚੇਹਰੇ ਤੇ ਘਬਰਾਹਟ ਨਹੀਂ ਹੈ ਸੀਨੇ ਵਿਚ ਉਕਸਾਹਟ ਨਹੀਂ ਹੈ।


www.AKJ.Org

ਨੈਣਾਂ ਅੰਦਰ ਨੂਰ ਹੈ ਹਸਦਾ, ਮਿਠਾ ਰਸ ਸ਼ਰੂਰ ਹੈ ਹਸਦਾ।
ਦੁਨੀਆਂ ਵਿਚ ਲਾਸਾਨੀ ਤਕੀ, ਨਹੀਂ ਐਸੀ ਕੁਰਬਾਨੀ ਤਕੀ।
ਬੜਾ ਹੀ ਉਚਾ ਕਰਮ ਤੁਹਾਡਾ, ਸਭ ਤੋਂ ਸੁਚਾ ਧਰਮ ਤੁਹਾਡਾ।
ਜਿਸ ਨੇ ਐਸੀ ਜਾਚ ਸਿਖਾਈ, ਅਮਲੀ ਜੀਵਨ ਤੇ ਸਚਿਆਈ।
ਚਲਦੇ ਆਰੇ ਤੇਜ਼ ਦੇ ਦੰਦੇ, ਹੌਲੀ ਹੌਲੀ ਹੋ ਗਏ ਮੰਦੇ।
ਉਡ ਕੇ ਭੌਰ ਗਿਆ ਅਸਮਾਨੀ, ਗੁੰਦੇ ਨੈਣ ਪਏ ਬੋਲਣ ਬਾਣੀ।
ਰਖੀ ਨੀਹ ਸੀ ਸ਼ਾਨ ਸਿਖੀ ਦੀ, ਧੰਨ ਕੁਰਬਾਨੀ ਧੰਨ ਸ਼ਹੀਦੀ।

# ਸ੍ਰੀ ਗੁਰੂ ਅਰਜਨ ਦੇਵ ਜੀ

[ ਗਿ: ਗੋਪਾਲ ਸਿੰਘ ਜੀ 'ਮਿੱਤਰ' ]

'ਜਹਾਂਗੀਰ' ਦੇ ਰਾਜ ਸਮੇਂ, ਇਹ ਹੋਇਆ ਸਾਕਾ ਭਾਰਾ।
ਧਰਤ ਰੁੰਨੀ ਆਕਾਸ਼ ਕੰਬਿਆ, ਲਰਜ਼ਿਆ ਆਲਮ ਸਾਰਾ।
ਚੰਦੂ ਪਾਪੀ ਨੇ ਸਤਿਗੁਰ ਨੂੰ, ਕਸ਼ਟ ਅਕਹਿ ਪਹੁੰਚਾਏ;
ਤਵਾਰੀਖ਼ ਵਿਚ ਕਿਤੇ ਨ ਲਿਖਿਆ, ਦਿਸਦਾ ਐਸਾ ਕਾਰਾ। ੧।
ਨੀਚ ਪੁਣੇ ਦੀ ਹੱਦ ਮੁਕਾਈ, ਲੋਹ ਗਰਮ ਕਰਵਾ ਕੇ।
ਲਾਲ ਅੰਗਾਰੇ ਹੋਈ ਉੱਪਰ, ਸਤਿਗੁਰ ਨੂੰ ਬੈਠਾ ਕੇ।
ਤੱਤਾ ਰੇਤਾ ਪਾਉ ਸੀਸ ਤੇ, ਦਿੱਤਾ ਹੁਕਮ ਕਸਾਈ;
ਕਣ ਕਣ ਰੁੰਨਾ ਤਕ ਤਕ 'ਮਿੱਤਰ', ਅਖੀਉਂ ਛਹਿਬਰ ਲਾ ਕੇ। ੨।
ਪੂਰਨ ਪੁਰਖ ਮਹਾਨ ਤਪੱਸਵੀ, ਨਾ ਥਿੜਕੇ ਨਾ ਡੋਲੇ।
''ਤੇਰਾ ਭਾਣਾ ਮੀਠਾ ਲਾਗੇ,'' ਸ੍ਰੀ ਮੁਖ ਤੋਂ ਇਉਂ ਬੋਲੇ।
ਦੇਸ਼ ਧਰਮ ਦੀ ਖਾਤਰ, ਸਹਿ ਸਹਿ ਕਸ਼ਟ ਸ਼ਹੀਦੀ ਪਾਈ;
ਸਦਾ ਲਈ ਹੋ ਅਮਰ ਗਏ, ਬਾਣੀ ਦੇ ਵਚਨ ਅਮੋਲੇ। ੩।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦
ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ ੦-੫੦
ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ-ਭਰੇ ਲੇਖ ਸ਼ਾਮਲ ਹਨ) ੬-੦੦
ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) ੧-੦੦





www.AKJ.Org

# ਪੰਥਕ ਏਕਤਾ–ਸਮੇਂ ਦੀ ਪ੍ਰਮੁਖ ਮੰਗ

(੧) ਏਕਤਾ ਹਰ ਸਮੇਂ ਦੀ ਪ੍ਰਮੁਖ ਮੰਗ ਹੈ।

(੨) ਪੰਥਕ ਏਕਤਾ ਵਰਤਮਾਨ ਕਾਲ ਵਿਚ ਹੋਰ ਵੀ ਜ਼ਰੂਰੀ ਹੈ, ਕਿਉਂਕਿ ਕੌਮ ਬੁਰੀ ਤਰ੍ਹਾਂ ਫੁਟ ਦਾ ਸ਼ਿਕਾਰ ਹੋਈ ਹੋਈ ਪੀਠੀ ਜਾ ਰਹੀ ਹੈ। ਨਮੋਸ਼ੀ ਵਧ ਹੋ ਰਹੀ ਹੈ ਅਤੇ ਵਿਰੋਧੀ ਫੁਟ ਦਾ ਲਾਭ ਉਠਾ ਕੇ ਭਰਾ ਹੱਥੋਂ ਭਰ ਮਰਵਾ ਰਹੇ ਹਨ।

(੩) ਬਿਨਾ ਸ਼ੱਕ ਸਿਆਸੀ ਲੋਕ ਏਕਤਾ ਵਿਚ ਵੀ ਨਿੱਜੀ ਸਵਾਰਥ ਮੁੱਖ ਰਖਦੇ ਹਨ ਤੇ ਇਹ ਕੁਦਰਤੀ ਵੀ ਹੈ, ਕਿਉਂਕਿ ਅਜ ਤਕ ਸਿਆਸੀ ਲੋਕਾਂ ਦੀ ਸਵਾਰਥ-ਸਿਧੀ ਦੀ ਖੁਲ੍ਹੀ ਖੇਡ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਰਿਹੈ। ਉਨ੍ਹਾਂ ਦੀ ਪੁਗਦੀ ਰਹੀ, ਜਿੰਨੀ ਦੇਰ ਤਕ ਧਰਮ ਸਿਆਸਤ ਦੇ ਦੁਬੈਲ ਹੋ ਕੇ ਚਲਦਾ ਰਿਹਾ। ਹੁਣ ਸਥਿਤੀ ਕਾਫ਼ੀ ਬਦਲ ਚੁੱਕੀ ਹੈ। ਹੁਣ ਕੌਮ ਦੀ ਵਾਗ-ਡੋਰ ਧਰਮ ਨੇ ਆਪਣੇ ਹੱਥ ਲੈ ਲਈ ਹੈ ਤੇ ਸਿਆਸੀ ਲੋਕਾਂ ਦੇ ਸਵਾਰਥ ਦਾ ਪਾਜ ਉਘੜ ਰਿਹਾ ਹੈ।

ਹੁਣ ਲੋੜ ਕੇਵਲ ਇਸ ਗੱਲ ਦੀ ਹੈ ਕਿ ਧਰਮ ਆਪਣੇ ਹੱਥੋਂ ਕੌਮੀ ਅਗਵਾਈ ਦੀ ਵਾਗ-ਡੋਰ ਨਾ ਛੱਡੇ ਅਤੇ ਸਾਰੇ ਸਿਆਸੀ ਲੋਕਾਂ ਨੂੰ ਥਾਂ ਸਿਰ ਰਖਿਆ ਜਾਵੇ। ਫਿਰ ਕੋਈ ਖ਼ਤਰਾ ਨਹੀਂ। ਕੁਝ ਵੀ ਹੋਵੇ, ਇਹ ਏਕਤਾ-ਸੰਦੇਸ਼ ਸਮੁੱਚੀ ਕੌਮ ਲਈ ਹੈ, ਕਿਸੇ ਖ਼ਾਸ ਵਰਗ ਲਈ ਨਹੀਂ।

(੪) ਕਿਹਾ ਜਾ ਸਕਦਾ ਹੈ ਕਿ ਬਦੀ ਦਾ ਸ਼ਿਕਾਰ ਹੋਏ ਵਿਅਕਤੀਆਂ ਖੁਣੋਂ ਸਾਡਾ ਕੀ ਥੁੜ੍ਹਿਆ ਹੈ? ਉਹ ਆ ਕੇ ਆਪਣੇ ਸੁਭਾਅ ਅਧੀਨ ਜ਼ਹਿਰ ਹੀ ਘੋਲਣਗੇ। ਦੁਨਿਆਵੀ ਦ੍ਰਿਸ਼ਟੀਕੋਣ ਤੋਂ ਦੇਖਿਆਂ ਇਹ ਗੱਲ ਇਵੇਂ ਹੀ ਹੈ, ਪਰ ਧਾਰਮਿਕ ਦ੍ਰਿਸ਼ਟੀਕੋਣ ਤੋਂ ਵਿਚਾਰਿਆਂ ਇਸ ਦਾ ਦੂਜਾ ਪੱਖ ਵੀ ਉਜਾਗਰ ਹੁੰਦਾ ਹੈ।

ਪਹਿਲੀ ਗੱਲ–ਨੇਕੀ ਦੇ ਮੂਹਰੇ ਬਦੀ ਦੀ ਕੋਈ ਸਥਾਈ ਹੋਂਦ ਨਹੀਂ। ਨੇਕੀ ਤੋਂ ਦੂਰ ਚਲੇ ਜਾਣਾ ਹੀ ਬਦੀ ਹੈ, ਤੇ ਨੇਕੀ ਦੇ ਪ੍ਰਵਾਹ ਵਿਚ ਬਦੀ ਰੁੜ੍ਹ ਜਾਂਦੀ ਹੈ।

ਦੂਜੀ ਗੱਲ–ਨੇਕੀ ਦਾ ਪੁੰਜ ਵਾਹਿਗੁਰੂ ਅਤੇ ਵਾਹਿਗੁਰੂ ਦੀ ਅਜ਼ਲੀ ਰਜ਼ਾ ਵਿਚ ਧਰਤੀ ਤੇ ਸਥਾਪਿਤ ਹੋਇਆ ਧਰਮ-ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ, ਅਥਵਾ ਖਾਲਸਾ ਪੰਥ ਪਤਿਤ-ਪਾਵਨ ਹੈ, ਬਦੀ-ਨਾਸ਼ਕ ਹੈ। ਇਹ ਧਰਮ-ਕੇਂਦਰ ਚੰਗੇ-ਮੰਦੇ ਸਭਨਾਂ ਲਈ ਕਲਿਆਣਕਾਰੀ ਹੈ।

ਤੀਜੀ ਗੱਲ–ਜੇ ਭਲਾ ਕੌਮੀ ਸਰੀਰ ਦਾ ਕੋਈ ਇਕ ਅੰਗ ਕਿਸੇ ਕਾਰਨ ਸਿਥਲ ਹੋ ਗਿਆ ਹੈ ਤਾਂ ਮਾਰੇ ਹੋਏ ਅੰਗ ਦਾ ਦੁਆ-ਦਾਰੂ ਕਰਨਾ ਵੀ ਕੌਮ ਲਈ ਉਨਾ ਹੀ ਜ਼ਰੂਰੀ ਹੈ ਜਿੰਨਾ ਕੌਮੀ ਸਰੀਰ ਨੂੰ ਨਰੋਏ ਰਖਣ ਲਈ ਹੋਰ ਉਪਰਾਲੇ ਕਰਨਾ। ਉਸ ਸਿਥਲ ਅੰਗ ਪ੍ਰਤੀ ਅਨਗਹਿਲੀ ਨਾਲ ਇਕ ਪਾਸੇ ਬਾਕੀ ਸਰੀਰ ਨਕਾਰਾ ਹੋਇਆ ਰਹਿੰਦਾ ਹੈ ਅਤੇ ਇਸ ਤੋਂ ਛੁਟ ਬਾਕੀ ਅੰਗਾਂ ਉਤੇ ਬਿਮਾਰੀ ਦੇ ਅਸਰ ਹੋਣ ਦਾ ਖ਼ਤਰਾ ਵੀ ਸਦਾ ਬਣਿਆ ਰਹਿੰਦਾ ਹੈ।

ਚੌਥੀ ਗੱਲ–ਕੌਮੀ ਸਰੀਰ ਦਾ ਜਿਹੜਾ ਅਨਸਰ ਬਦੀ-ਗ੍ਰਸਤ ਹੋਇਆ ਪਿਆ ਹੈ, ਉਹਨੂੰ ਦੁਸ਼ਮਣ ਦੇ ਚੁੰਗਲ ਵਿਚੋਂ ਕੱਢ ਲੈਣਾ ਵੀ ਵੱਡੀ ਪ੍ਰਾਪਤੀ ਹੈ। ਜੇ ਅਜਿਹੇ ਅਨਸਰ ਨੂੰ ਦੁਸ਼ਮਣ ਦਾ ਹੱਥ-ਠੋਕਾ ਬਣਾਏ ਜਾਣ ਤੋਂ ਰੋਕ ਸਕਿਆ ਜਾਵੇ ਤਾਂ ਕੌਮ ਦੀ ਸ਼ੋਭਾ ਸ਼ਕਤੀ ਵਿਚ ਵਾਧਾ ਹੀ ਹੋਇਆ ਸਮਝੋ।

ਪੰਥਕ ਏਕਤਾ ਲਈ ਡੰਕਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ ਸਮੇਂ ਖੜਕਦਾ ਰਹਿਣਾ ਚਾਹੀਦਾ ਹੈ।

ਪੱਟੀ ਵਿਖੇ ਨਿਰਮਲ ਸਿੰਘ ਦੇ ਗ੍ਰਿਹਿ ਵਿਖੇ ਸ੍ਰੀ ਅਖੰਡਪਾਠ

ਨੇੜੇ ਖਾਲਸਾ ਇੰਜੀਨਰਿੰਗ ਵਰਕਸ, ਚੌਕ ਕਹੀਆਂ ਵਾਲਾ ਵਿਖੇ ੧੪ ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ

ਸ਼ਹੀਦਾਂ ਦੀ ਯਾਦ ਵਿਚ ਗੁ: ਸੰਤੋਖਸਰ (ਟਾਹਲੀ ਸਾਹਿਬ) ਅੰਮ੍ਰਿਤਸਰ ੨੦ ਜੂਨ ਰੈਣ ਸਬਾਈ ਕੀਰਤਨ



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਨੂੰ ਪੁਜੀ ਮਾਇਆ ਦਾ ਵੇਰਵਾ—

| | | | |
|---|---|---|---|
| ਸ: ਸਰਦਾਰਾ ਸਿੰਘ ਧਾਲੀਵਾਲ, ਕੁਰਾਲੀ | ੧੦੧-੦੦ | ਭਾ: ਗੁਰਦੇਵ ਸਿੰਘ ਅੰਮ੍ਰਿਤਸਰ (ਬੱਚੀ ਦੇ ਅਨੰਦ ਸਮੇਂ) | ੧੦੧-੦੦ |
| ਇਸਤ੍ਰੀ ਸਤਿਸੰਗ ਕੂਨੈਲ, ਕੈਨੇਡਾ | ੩੯੩੫-੦੦ | | |
| ਭਾਈ ਹਰਮਹਿੰਦਰ ਸਿੰਘ, ਅੰਮ੍ਰਿਤਸਰ (ਚੜ੍ਹਾਵਾ) | ੨੧੯-੦੦ | ਸ: ਰਘਬੀਰ ਸਿੰਘ ਰਾਮ ਤੀਰਥ ਰੋਡ ਅੰਮ੍ਰਿਤਸਰ | ੧੫੧-੦੦ |
| ਖਾਲਸਾ ਫੈਨਸੀ ਸਟੋਰ, ਆਦਮਪੁਰ | ੧੦੦-੦੦ | ਐਸ ਸਿੰਘ ਖੰਨਾ | ੧੦੦-੦੦ |
| ਭਾਈ ਗੁਰਸ਼ਰਨ ਸਿੰਘ. ਅੰਮ੍ਰਿਤਸਰ (ਚੜ੍ਹਾਵਾ) | ੫੨-੦੦ | ਸ: ਮੋਹਨ ਸਿੰਘ, ਕਸਬਾਨ ਸਰਾਇਆ ਯੂ.ਪੀ. | ੯੦-੦੦ |
| ਭਾਈ ਪਰਮਜੀਤ ਸਿੰਘ, ਆਦਮਪੁਰ | ੧੦੦-੦੦ | ਸ੍ਰੀ ਮਤੀ ਗੋਬਿੰਦ ਕੌਰ, ਬੰਬੇ | ੨੧-੦੦ |
| ਭਾ: ਅਵਤਾਰ ਸਿੰਘ ਡਰਾਫ਼ਟਸਮੈਨ, ਫ਼ਰੱਕਾ | ੫੦੦੦-੦੦ | ਸ: ਹਰਦੇਵ ਸਿੰਘ. ਵਿਦੋਦਰਾ, ਬੜੋਦਾ | ੨੦੦੦-੦੦ |
| ਸ: ਪ੍ਰਦੁਮਨ ਸਿੰਘ, ਸਿਵ ਨਗਰ, ਜਲੰਧਰ | ੧੦੦-੦੦ | ਸ: ਅਮਰ ਸਿੰਘ, ਪੀਰਾਕ (ਮਲੇਸ਼ੀਆ) | ੫੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਸੁਖਵਿੰਦਰ ਕੌਰ ਦਾਨਿਆਲ, ਵਡਾਲਾ (ਅੰਮ੍ਰਿਤਸਰ) ਨੂੰ ਸਿਲਾਈ ਮਸ਼ੀਨ ਅਤੇ ਨਕਦ | ੫੦੦-੦੦ |
| ਬੀਬੀ ਗੁਰਮੀਤ ਕੌਰ ਅੰਮ੍ਰਿਤਸਰ ਨੂੰ ਘਰੇਗੀ ਖਰਚਾਂ ਲਈ | ੫੦੦੦-੦੦ |
| ,, ,, ,, ਨੂੰ ਬੱਚੇ ਕਾਲਜ ਤੇ ਸਕੂਲ ਪੜ੍ਹਾਈ ਦੇ ਖਰਚੇ | ੫੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ ਨੂੰ ਮਾਸਕ ਸਹਾਇਤਾ | ੩੦੦-੦੦ |
| ਬੀਬੀ ਗੁਰਦੇਵ ਕੌਰ ਅੰਮ੍ਰਿਤਸਰ | ੧੦ ੦੦੦-੦੦ |
| ਬੀਬੀ ਮਹਿੰਦਰ ਕੌਰ, ਅੰਮ੍ਰਿਤਸਰ | ੧੦੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

## ਰਿਸ਼ਤੇ ਨਾਤੇ—

ਨੋਟ : ੧. ਚਿੱਠੀ ਵਾਲੇ ਲਫ਼ਾਫ਼ੇ ਦੇ ਬਾਹਰ ਲਿਖੋ—
ਫਾਰਮ ਨੰਬਰ .......C/O 'ਸੂਰਾ', ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

੨. ਕੇਵਲ ਅੰਮ੍ਰਿਤਧਾਰੀ ਤੇ ਸ਼ਾਕਾਹਾਰੀ ਬੱਚਿਆਂ ਲਈ ਚਿੱਠੀ ਪੱਤਰ ਕਰੋ।

੩. ਫ਼ਾਰਮ ਰਿਸ਼ਤੇ ਨਾਤੇ 'ਸੂਰਾ' ਮਾਸਕ ਪੱਤਰ ਅੰਮ੍ਰਿਤਸਰ ਤੋਂ ਟਿਕਟਾਂ ਲੱਗਾ ਲਿਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਉ।

ਫ਼ਾਰਮ ਨੰ: ੨੯੪—ਇਕ ੨੭ ਸਾਲਾ ਅੰਮ੍ਰਿਤਧਾਰੀ ਸਿੰਘ ਕਦ ੫'-੧੦"—ਬੀ. ਐਸ. ਸੀ. ਆਪਣੀ ਸਾਬਣ ਫੈਕਟਰੀ ਲਈ ਯੋਗ ਗੁਰਸਿੱਖ ਘਰਾਣੇ ਦੀ ਬੱਚੀ ਦੀ ਲੋੜ ਹੈ।

ਫ਼ਾਰਮ ਨੰ: ੨੯੫—ਇਕ ੨੩½ ਸਾਲਾ ਬੀ. ਏ. ਪਾਸ ਬੀਬੀ ਕਦ ੫'-੨" ਟਾਈਪ ਜਾਣਦੀ ਤੇ ਪ੍ਰਾਈਵੇਟ ਨੌਕਰੀ ਮਾਸਿਕ ੭੦੦ ਰੁਪਏ, ਪੰਜ ਬਾਣੀ ਨਿਤ ਨੇਮੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੯੭—ਇਕ ੨੪ ਸਾਲਾ ਮੈਟ੍ਰਿਕ ਤੇ ਆਰਟਸ ਕ੍ਰਾਫਟਸ ਕੋਰਸ ਪਾਸ ਬੀਬੀ ਕਦ ੫'-੫" ਨਿਤਨੇਮੀ ਲਈ ਜ਼ਿਮੀਦਾਰ ਘਰਾਣੇ ਚੋਂ ਵਰ ਦੀ ਲੋੜ ਹੈ।

ਫ਼ਾਰਮ ਨੰ: ੨੯੮—ਇਕ ੨੨ ਸਾਲਾ ਨਿਤਨੇਮੀ ਬੱਚੀ ਕਦ ੫'-੨" ਬੀ.ਏ. ਫਾਈਨਲ ਕੀਰਤਨੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੯੯—ਇਕ ੨੬ ਸਾਲਾ ਬੀ. ਐਸ-ਸੀ. (Hon.) ਮਿਊਜ਼ਿਕ ਬੈਂਕ ਨੌਕਰੀ ਤਨਖਾਹ ੨੦੦੦ ਰੁਪਏ ਨਿਤਨੇਮੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੦੦—ਇਕ ੨੧½ ਸਾਲਾ ਬੀ. ਏ. ਭਾਗ II ਕਦ ੫'-੨" ਬੀਬੀ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੦੧—ਇਕ ੧੯½ ਸਾਲਾ ਬੀ. ਐਸ-ਸੀ. ਪਹਿਲਾ ਸਾਲ 'ਚ ਪੜ੍ਹਦੀ ਬੀਬੀ ਕਦ ੫' ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੦੨—ਇਕ ੨੧ ਸਾਲਾ ਬੀਬੀ ਕਦ ੫'-੩" ਬਾਰ੍ਹਵੀਂ ਦਾ ਇਮਤਿਹਾਨ ਦਿੱਤਾ ਲਈ ਗੁਰਸਿਖ ਵਰ ਦੀ ਲੋੜ ਹੈ।

ਫ਼ਾਰਮ ਨੰ: ੩੦੩—ਇਕ ੨੫ ਸਾਲਾ ਬੀ. ਕਾਮ. ਪਾਸ ਸਿੰਘ ਪਕੀ ਸਰਕਾਰੀ ਨੌਕਰੀ, ਮਾਸਿਕ ੧੨੫੦ ਰੁਪਏ ਲਈ ਗੁਰਸਿਖ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੦੪—ਇਕ ੨੫ ਸਾਲਾ ਐਮ. ਏ. ਪੰਜਾਬੀ, ਗਿਆਨੀ—ਬੀ. ਐਡ. ਕਰ ਰਹੀ ਬੀਬੀ ਕਦ ੫'-੫", ਸਕੂਲ ਟੀਚਰ, ਮਾਸਿਕ ੧੪੦੦ ਰੁਪਏ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੦੫—ਇਕ ੨੬ ਸਾਲਾ ਮੈਟਰਿਕ ਸਿੰਘ ਕਦ ੫'-੧੦", ਸਰਕਾਰੀ ਨੌਕਰੀ ਮਾਸਿਕ ੧੦੦੦ ਰੁਪਏ ਨਿਤਨੇਮੀ ਲਈ ਯੋਗ ਗੁਰਸਿਖ ਬੀਬੀ ਦੇ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੦੬—ਇਕ ੨੭ ਸਾਲਾ ਐਮ. ਏ. ਇੰਗਲਿਸ਼ ਬੀ. ਐਡ. ਬੀਬੀ ਕਦ ੫'-੨" ਟੀਚਰ ਮਾਸਿਕ ੯੦੦ ਰੁਪਏ ਲਈ ਯੋਗ ਵਰ ਦੀ ਲੋੜ ਹੈ।

www.AKJ.Org

# ਬਾਊ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਤਰਨ ਤਾਰਨ ਵਿਖੇ

੧੭ ਤੋਂ ੧੯ ਜੁਲਾਈ–ਵੇਰਵਾ ਆਉਂਦੇ ਪਰਚੇ ਵਿਚ

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਪ੍ਰੋਗਰਾਮ

(੧) 12 ਤੋਂ 14 ਜੂਨ ਐਤਵਾਰ ਸ੍ਰੀ ਅਖੰਡਪਾਠ, ਉਪਰੰਤ ਵੈਰਾਗਮਈ ਕੀਰਤਨ ਭਾਈ ਹਰਨਾਮ ਸਿੰਘ ਜੀ(ਅਨੰਦ) ਨਮਿਤ। ਗੁਰੂ ਨਾਨਕ ਸਿਖ ਸੰਗਤ (ਸਿਖ ਟੈਂਪਲ) ਪ੍ਰਾਸਪੈਕਟਸ ਸਟ੍ਰੀਟ, ਨੇੜੇ ਫ਼ਾਇਰ ਬ੍ਰਗੇਡ, ਹਡਰਸ ਫੀਲਡ, ਯੂ, ਕੇ. ਫੋਨ : ਗੁਰਦੁਆਰਾ ਸਾਹਿਬ 23773, ਭਾ: ਗੁਰਦੇਵ ਸਿੰਘ ਹਡਰਸਫ਼ੀਲਡ 24311, ਭਾ: ਮਦਨ ਸਿੰਘ ਬਰਮਿੰਘਮ 021-356-7070

(2) 20 ਜੂਨ ਸ਼ਨੀਵਾਰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ
ਗੁਰੂ ਨਾਨਕ ਪ੍ਰਕਾਸ਼ ਸਿੰਘ ਸਭਾ ਗੁਰਦੁਆਰਾ, 73/75 ਫ਼ਿਸ਼ ਪਾਂਡ ਰੋਡ, ਬ੍ਰਿਸਟਲ, ਯੂ. ਕੇ.
ਫ਼ੋਨ : ਗੁਰਦੁਆਰਾ ਸਾਹਿਬ 0272-511609, ਭਾ: ਗੁਰਮੀਤ ਸਿੰਘ 0272-45859

(3) ਅਖੰਡ ਕੀਰਤਨੀ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ ਮਾਰਚ ਤੋਂ ਮਈ ਤਕ ਕੀਤੀ ਗਈ ਧਰਮ–ਪਰਚਾਰ–ਸੰਸਾਰ–ਫੇਰੀ ਵਿਚ ਦੋ ਸੌ ਦੇ ਕਰੀਬ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਚਲਦਾ ਵਹੀਰ ਇੰਟਰਨੈਸ਼ਨਲ ਵਲੋਂ ਸਿੰਘਾਪੁਰ, ਆਸਟਰੇਲੀਆ, ਨਿਊਜ਼ੀਲੈਂਡ, ਫ਼ਿਜੀ ਅਤੇ ਕੈਲੇਫੋਰਨੀਆ ਦੀਆਂ ਸਿਖ ਸੰਗਤਾਂ ਦਾ ਤਹਿ–ਦਿਲੋਂ ਧੰਨਵਾਦ ਹੈ, ਜਿਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਜਥੇ ਦੇ ਸੇਵਕਾਂ ਦੀ ਸੇਵਾ–ਸੰਭਾਲ ਕੀਤੀ। ਪੰਥ ਦਾਸਰਾ—ਰਾਜਿੰਦਰ ਸਿੰਘ

## ਪਾਰੋਵਾਲ (ਗੁਰਦਾਸਪੁਰ) ਵਿਖੇ ਸ਼ਹੀਦ ਅਵਤਾਰ ਸਿੰਘ ਨਮਿਤ ਸਮਾਗਮ

ਫੌਜੀ ਐਕਸ਼ਨੇ ਸਮੇਂ ਸ੍ਰੀ ਦਰਬਾਰ ਸਾਹਿਬ ਕੀਰਤਨ ਦੀ ਹਾਜ਼ਰੀ ਭਰ ਰਹੇ ਸ਼ਹੀਦ ਹੋਏ ਭਾਈ ਅਵਤਾਰ ਸਿੰਘ ਜੀ ਨਮਿਤ ੧੧ ਤੋਂ ੧੩ ਜੂਨ ਸ਼ਨਿਚਰਵਾਰ ਸ੍ਰੀ ਅਖੰਡਪਾਠ, ਅਤੇ ਭੋਗ ਤੇ ਕੀਰਤਨ ਆਸਾ ਦੀ ਵਾਰ ਸਵੇਰੇ ੧੦ ਵਜੇ ਤਕ ਉਪਰੰਤ ਸ਼ਾਮ ਨੂੰ ੮ ਵਜੇ ਕੀਰਤਨ ਰੈਣ ਸਬਾਈ ਆਰੰਭ।

ਦਾਸਰੇ—ਗੁਰਬਖਸ਼ ਸਿੰਘ ਸਰਬਜੀਤ ਸਿੰਘ, ਫੈਨਸੀ ਜਨਰਲ ਸਟੋਰ, ਪਾਰੋਵਾਲ (ਗੁਰਦਾਸਪੁਰ)

## ਲੁਧਿਆਣਾ ਵਿਖੇ ਮਾਸਕ ਰੈਣ ਸਬਾਈ ਕੀਰਤਨ ੨੦ ਜੂਨ ਨੂੰ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ਲੇਬਰ ਕਾਲੋਨੀ, ਗਿਲ ਰੋਡ, ਹਾਈਵੇ ਇੰਡਸਟ੍ਰੀ ਦੇ ਸਾਹਮਣੇ ਰੈਣ ਸਬਾਈ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## ਸਹਾਰਨਪੁਰ ਗੁ: ਸ੍ਰੀ ਗੁਰੂ ਸਿੰਘ ਸਭਾ ਗੁ: ਰੋਡ ਵਿਖੇ ਰੈਣ ਸਬਾਈ ਕੀਰਤਨ

੨੦ ਜੂਨ ਸ਼ਨੀਵਾਰ ਰਾਤ ਦੇ ਅਖੰਡ ਕੀਰਤਨ ਵਿਚ ਦਰਸ਼ਨ ਦੇ ਕੇ ਨਿਵਾਜੋ ਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰਾ—ਸਰਦੂਲ ਸਿੰਘ ਖੁਰਾਬ ਬਿਲਡਿੰਗ, ਅੰਬਾਲਾ ਰੋਡ, ਸਹਾਰਨਪੁਰ, ਫ਼ੋਨ 3428

## ਪਿੰਡ ਜਫਲ ਝਿੰਗੜ (ਗੁਰਦਾਸਪੁਰ) ਵਿਖੇ ੬ ਜੂਨ ਸ਼ਨੀਵਾਰ ਰੈਣ ਸਬਾਈ ਕੀਰਤਨ

ਕਾਲਾ ਬਕਰਾ ਤੋਂ ੪ ਮੀਲ ਆਦਮਪੁਰ ਰੋਡ ਤੇ ਪਿੰਡ ਜਫਲ ਝਿੰਗੜ ਵਿਖੇ ਭਾਈ ਰਣਜੀਤ ਸਿੰਘ ਦੇ ਗ੍ਰਹਿ ਰਾਤ ਦੇ ਕੀਰਤਨ ਵਿਚ ਦਰਸ਼ਨ ਦਿਓ ਜੀ। ਕਾਲਾ ਬੱਕਰਾ ਤੋਂ ਆਖ਼ਰੀ ਬਸ ਸਾਢੇ ਪੰਜ ਵਜੇ ਚਲਦੀ ਹੈ।

## ਅਖੰਡ ਕੀਰਤਨੀ ਜਥੇ ਦੀਆਂ ਕੀਰਤਨ-ਟੇਪਾਂ

ਭਾਈ ਜੋਗਿੰਦਰ ਸਿੰਘ ਤਲਵਾੜਾ, ਭਾਈ ਮੋਹਰ ਸਿੰਘ ਦਿਲੀ, ਭਾਈ ਜੀਵਨ ਸਿੰਘ ਆਦਿ ਸਿੰਘਾਂ ਦੀਆਂ ਕੀਰਤਨ–ਟੇਪਾਂ ਪੰਜਾਬ ਗਿਫ਼ਟ ਹਾਊਸ (ਨੇੜੇ ਗੁਰਦਵਾਰਾ ਕਲਗੀਧਰ) ਲੁਧਿਆਣਾ ਤੋਂ ਪ੍ਰਾਪਤ ਕਰੋ ਜੀ।

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org